

RE-ELECT
LINDA
JEFFREY
TOGETHER WE CAN DO MORE
Election Day:
Monday, October 22, 10:00am - 8:00pm
Advance Voting:
October 2 - 13
✓ Safer community
✓ Attract and create jobs
✓ Improve Transit and fight gridlock
For more information:
info@lindajeffrey.ca
Facebook.com/BramptonLinda
Volunteering: LindaJeffrey.ca
www.lindajeffrey.ca
@LindaJeffrey
289-201-0609


chatr MOBILE
NOW GET
4GB 4.5GB DATA
ON OUR $40/MO. PLAN
AUTO-PAY BONUS
LET'S GET GOING
CHATRMOBILE.COM
VISIT OUR LOCATION TODAY!
379 MAIN ST. N., BRAMPTON,
(905) 451-0379
2456 LAKE SHORE BLVD W.,
(416) 259-3654
chatr AUTHORIZED DEALER
Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

# Etobicoke Wellness Centre ਦਾ ਆਰੰਭ: ਪੇਸ਼ੈਂਟ ਟਾਵਰ 2019 ਵਿੱਚ ਸਮੇਂ ਸਿਰ ਬਣਨ ਲਈ



ਖੱਬੇ ਹੱਥ ਹਾਲ ਵਿੱਚ ਹੀ ਮੁਕੰਮਲ ਹੋਇਆ Etobicoke General Wellness Centre ਹੈ।
ਸੱਜੇ ਹੱਥ 2019 ਵਿੱਚ ਖੁੱਲਣ ਜਾ ਰਹੇ ਨਵੇਂ ਪੇਸ਼ੈਂਟ ਟਾਵਰ ਦੀ ਉਸਾਰੀ ਦਾ ਕੰਮ ਪ੍ਰਗਤੀ ਕਰ ਰਿਹਾ ਹੈ।

## Etobicoke General Hospital ਦਾ ਚਿਹਰਾ ਦਿਨ-ਬ-ਦਿਨ ਬਦਲ ਰਿਹਾ ਹੈ।

ਨਵੇਂ, ਚਾਰ ਮੰਜ਼ਲਾ ਪੇਸ਼ੈਂਟ ਟਾਵਰ ਦੀ ਉਸਾਰੀ, ਜਿਸ ਵਿੱਚ ਵਿਸਥਾਰਤ ਐਮਰਜੰਸੀ ਵਿਭਾਗ, ਕ੍ਰਿਟੀਕਲ ਕੇਅਰ ਯੂਨਿਟ, ਜੱਚਾ ਬੱਚਾ ਸਹੂਲਤ ਅਤੇ ਹੋਰ ਕਈ ਕੁੱਝ ਸ਼ਾਮਲ ਹੈ, 2019 ਵਿੱਚ ਮੁਕੰਮਲ ਹੋਣਾ ਨਿਰਧਾਰਤ ਹੈ। ਇਸ ਦਰਮਿਆਨ, ਪਾਰਕਿੰਗ ਲਾਟ ਦੇ ਬਿਲਕੁਲ ਸਾਹਮਣੇ, ਨਵੇਂ Etobicoke Wellness Centre (EWC) ਦੇ ਦਰਵਾਜ਼ੇ ਪਹਿਲਾਂ ਹੀ ਖੁੱਲ ਚੁੱਕੇ ਹਨ।

ਇੱਕਠਿਆਂ, ਇਹ ਦੋਵੇਂ ਇਮਾਰਤਾਂ ਸਾਡੇ ਮਰੀਜ਼ਾਂ, ਸਟਾਫ, ਫਿਜ਼ੀਸ਼ੀਅਨਾਂ, ਵਾਲੰਟੀਅਰਾਂ ਨੂੰ ਰੋਸ਼ਨੀ ਭਰਪੂਰ, ਆਧੁਨਿਕ ਸਹੂਲਤਾਂ ਪ੍ਰਾਪਤ ਕਰਨ ਅਤੇ ਵਿਸ਼ਵ ਪੱਧਰ ਦੀ ਮਰੀਜ਼ ਸੰਭਾਲ ਮੁਹਾਈਆ ਕਰਨ ਦੇਣਗੀਆਂ।

## EWC ਦੇ ਅੰਦਰ

- Etobicoke General ਦੀਆਂ ਆਊਟਪੇਸ਼ੈਂਟ ਸੇਵਾਵਾਂ, ਜਿਸ ਵਿੱਚ ਕੁੱਝ ਸ਼ਨਾਖਤੀ ਇੰਮੇਜਿੰਗ ਸੇਵਾਵਾਂ, ਬੇਹੋਸ਼ ਕਰਨ ਤੋਂ ਪਹਿਲਾਂ ਲਈ ਕਲਿਨਿਕ, ਇੱਕ ਨਵੀਂ, ਵੱਡੀ ਹੱਡੀਆਂ ਟੁੱਟਣ, ਪਲਾਸਟਿਕ ਅਤੇ ਜਖ਼ਮਾਂ ਲਈ ਕਲਿਨਿਕ ਅਤੇ ਇੱਕ ਸ਼ੱਕਰ ਰੋਗ ਬਾਰੇ ਜਾਣਕਾਰੀ ਦੇਣ ਦੀ ਕਲਿਨਿਕ ਸ਼ਾਮਲ ਹਨ।
- *2019* ਵਿੱਚ ਆ ਰਿਹਾ ਹੈ: 30 ਸਟੇਸ਼ਨਾਂ ਵਾਲਾ ਸੈਟੇਲਾਈਟ ਡਾਇਆਲਿਸਿਸ ਪ੍ਰੋਗਰਾਮ ਮਰੀਜ਼ਾਂ ਨੂੰ ਘਰ hemodialysis ਸਿਖਲਾਈ ਲਈ 6 ਅਤੀਰਿਕਤ ਸਟੇਸ਼ਨਾਂ ਸਮੇਤ।
- ਡਾਕਟਰਾਂ ਦੇ ਦਫ਼ਤਰ ਅਤੇ ਕਲਿਨਿਕਾਂ, ਜਿਹਨਾਂ ਵਿੱਚੋਂ ਕਈ Etobicoke General ਦੀ ਪੁਰਾਣੀ ਮੈਡੀਕਲ ਦਫ਼ਤਰ ਇਮਾਰਤ ਵਿੱਚੋਂ ਇੱਥੇ ਤਬਦੀਲ ਹੋਈਆਂ ਹਨ।

ਇਸ ਦਿਲਚਸਪ ਤਬਦੀਲੀ ਬਾਰੇ ਵਧੇਰੇ ਜਾਣਕਾਰੀ ਲਈ ਜਾਵੋ:

**www.williamoslerhs.ca**

## ਨਵੀਆਂ ਮਾਵਾਂ ਅਤੇ ਬੱਚਿਆਂ ਦੀਆਂ ਯੂਨਿਟਾਂ: ਵਧੇਰੇ ਗੰਭੀਰ ਸੰਭਾਲ ਪ੍ਰਦਾਨ ਕਰਨ ਲਈ ਮਾਪਿਆਂ ਦੀ ਸ਼ਮੂਲੀਅਤ ਲਈ ਡੀਜ਼ਾਈਨ ਕੀਤਾ ਹੋਇਆ ਹੈ



**ਬੱਚੇ ਦਾ ਜਨਮ ਹੋਣਾ ਇੱਕ ਮਾਪੇ, ਸਾਂਝੀਦਾਰ ਅਤੇ ਪਰਿਵਾਰ ਲਈ ਜੀਵਨ ਦੇ ਅਣਮੋਲ ਅਨੁਭਵਾਂ ਵਿੱਚੋਂ ਇੱਕ ਹੁੰਦਾ ਹੈ। ਅਤੇ ਜਿੱਥੇ ਜਨਮ ਹੁੰਦਾ ਹੈ ਉਹ ਸਥਾਨ ਸ਼ਰਤੀਆ ਹੀ ਉਸ ਅਨੁਭਵ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਣ ਰੋਲ ਅਦਾ ਕਰ ਸਕਦਾ ਹੈ।**

ਪਿਛਲੇ ਸਾਲ, Etobicoke General ਨੇ 2865 ਬੱਚਿਆਂ ਨੂੰ ਜਨਮ ਲੈਣ ਵਿੱਚ ਮਦਦ ਕੀਤੀ। 2025 ਤੱਕ ਇਹ ਗਿਣਤੀ 4000 ਦੇ ਕਰੀਬ ਪੁੱਜ ਜਾਣ ਦੀ ਆਸ ਹੈ। Etobicoke General ਦਾ ਨਵਾਂ ਪੇਸ਼ੈਂਟ ਟਾਵਰ ਜੋ 2019 ਵਿੱਚ ਖੁੱਲਣ ਲਈ ਤਿਆਰ ਹੈ, ਨੂੰ ਇਸ ਵਿਸਥਾਰ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ।

ਨਵੇਂ ਟਾਵਰ ਵਿੱਚ ਔਰਤਾਂ ਅਤੇ ਬੱਚਿਆਂ ਦੀਆਂ ਆਧੁਨਿਕ, ਵਧੇਰੇ ਖੁੱਲੀਆਂ ਯੂਨਿਟਾਂ ਹੋਣਗੀਆਂ। ਇਸ ਵਿੱਚ 10 ਪ੍ਰਾਈਵੇਟ ਜਨਮ ਦੇਣ ਵਾਲੀਆਂ ਯੂਨਿਟਾਂ, ਦੋ ਪੂਰੀ ਤਰਾਂ ਲੈਸ ਅਪਰੇਟਿੰਗ ਕਮਰੇ, ਜਿਹਨਾਂ ਨਵ-ਜਨਮੇ ਬਾਲਕਾਂ ਨੂੰ ਵਧੇਰੇ ਸੰਭਾਲ ਦੀ ਲੋੜ ਹੁੰਦੀ ਹੈ, ਉਹਨਾਂ ਲਈ ਬੱਚਿਆਂ ਨੂੰ ਪਾਉਣ ਵਾਲੀਆਂ 10 (basinette) ਲੈਵਲ II Neonatal Intensive Care Unit (NICU), ਨਵ ਜਨਮੇ ਬੱਚਿਆਂ ਦੇ ਮੁਲਾਂਕਣ ਅਤੇ ਇਲਾਜ ਲਈ ਦੋ ਵਿਸ਼ੇਸ਼ ਕਮਰੇ, ਇੱਕ ਇਕਾਂਤ ਕਮਰਾ, ਮਾਪਿਆਂ ਵੱਲੋਂ ਸੰਭਾਲ ਦੇਣ ਵਾਲੇ ਉਹ ਦੋ ਕਮਰੇ ਜਿੱਥੇ ਘਰ ਜਾਣ ਤੋਂ ਪਹਿਲਾਂ ਨਵੇਂ ਮਾਪੇ ਆਪਣੇ ਨਵੇਂ ਬੱਚਿਆਂ ਨੂੰ ਸੰਭਾਲਣ ਬਾਰੇ 'ਵਿਹਾਰਕ' ਅਨੁਭਵ ਹਾਸਲ ਕਰਨਗੇ, ਸ਼ਾਮਲ ਹੋਣਗੇ। ਇੱਕ ਆਊਟਪੇਸ਼ੈਂਟ ਏਰੀਆ ਜਿਸ ਵਿੱਚ ਮਾਂ ਅਤੇ ਬੱਚੇ ਦੇ ਪਨਪਣ ਲਈ ਜਨਮ ਤੋਂ ਪਹਿਲਾਂ ਦੀ ਸੰਭਾਲ, ਭਰੂਣ ਦੀ ਨਿਗਰਾਨੀ, ਛਾਤੀਆਂ ਦਾ ਦੁੱਧ ਚੁੰਘਾਉਣਾ ਅਤੇ ਹੋਰ ਸਹਾਰੇ ਦੇਣ ਦੀਆਂ ਸਹੂਲਤਾਂ ਸ਼ਾਮਲ ਹੋਣਗੀਆਂ।

### ਪਰਿਵਾਰ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ

ਇਹਨਾਂ ਨਵੀਆਂ ਯੂਨਿਟਾਂ ਵਿੱਚ ਅਤਿ ਆਧੁਨਿਕ ਉਪਕਰਣ ਅਤੇ ਸਹੂਲਤਾਂ ਹੋਣਗੀਆਂ, ਜੋ ਵਧੇਰੇ ਗੰਭੀਰ, ਸਮੇਂ ਤੋਂ ਪਹਿਲਾਂ ਜਨਮੇ ਅਤੇ ਨਾਜ਼ੁਕ ਨਵ-ਜਨਮੇ ਬਾਲਕਾਂ ਨੂੰ ਸੰਭਾਲ ਦੇਣ ਲਈ ਡੀਜ਼ਾਈਨ ਅਤੇ ਸਮਰੱਥਾ ਵਾਲੇ ਬਣਾਏ ਗਏ ਹਨ। ਮਹੱਤਵਪੂਰਣ ਗੱਲ ਇਹ ਵੀ ਹੈ ਕਿ ਇਹ ਮਾਪਿਆਂ ਅਤੇ ਪਰਿਵਾਰ ਦੇ ਮੈਂਬਰਾਂ ਦੀ ਬੱਚੇ ਦੀ ਸੰਭਾਲ ਵਿੱਚ ਸ਼ਮੂਲੀਅਤ ਨੂੰ ਸਹਾਰਾ ਅਤੇ ਮਜ਼ਬੂਤੀ ਦੇਣਗੇ।

ਖੋਜ ਨੇ ਦਰਸਾਇਆ ਹੈ ਕਿ ਜਦੋਂ ਮਾਪੇ ਬੱਚਿਆਂ ਦੀ ਸੰਭਾਲ ਵਿੱਚ ਸ਼ਾਮਲ ਹੁੰਦੇ ਹਨ, ਨਵ-ਜਨਮੇ ਬੱਚੇ ਦੇ ਵਿਕਾਸ ਅਤੇ ਵਜ਼ਨ ਉੱਤੇ ਹਾਂ ਪੱਖੀ ਪ੍ਰਭਾਵ ਪੈਂਦਾ ਹੈ। ਆਪਣੇ ਬੱਚੇ ਦੀ ਸੰਭਾਲ ਵਿੱਚ ਮਦਦ ਦੇਣ ਨਾਲ ਮਾਂ ਜਾਂ ਬਾਪ ਦੀ ਆਪਣੇ ਬੱਚੇ ਨਾਲ ਸਾਂਝ ਪੈਦਾ ਹੋਣ ਵਿੱਚ ਵੀ ਮਦਦ ਮਿਲਦੀ ਹੈ। 'ਬੇਸ਼ੱਕ ਬੱਚਾ ਸਮੇਂ ਤੋਂ ਪਹਿਲਾਂ ਜਾਂ ਪੂਰੇ ਸਮੇਂ ਉੱਤੇ ਜਨਮਿਆ ਹੋਵੇ, ਉਹ ਤੁਰੰਤ ਸਾਂਝ ਲੋੜਦੇ ਹਨ," ਇਹ Osler ਦੇ ਜੱਚਾ ਬੱਚਾ ਵਿਭਾਗ ਦੇ ਕਾਰਪੋਰੇਟ ਮੁਖੀ Dr. Herbert Brill ਦਾ ਆਖਣਾ ਹੈ। " ਜਿੰਨਾ ਜ਼ਿਆਦਾ ਅਸੀਂ ਮਾਪਿਆਂ ਨੂੰ ਉਸ ਵੇਲੇ ਉੱਥੇ ਰਹਿਣ ਵਿੱਚ ਮਦਦ ਦੇ ਸਕਦੇ ਹਾਂ, ਉੱਨੀ ਜਲਦੀ ਇਹ ਸਾਂਝ ਪੈਦਾ ਹੋ ਸਕਦੀ ਹੈ।"

ਪਰਿਵਾਰ ਦੀ ਸ਼ਮੂਲੀਅਤ ਵਿੱਚ ਸਹਾਰਾ ਦੇਣ ਲਈ ਚੁੱਕੇ ਜਾਂਦੇ ਕੁੱਝ ਕਦਮਾਂ ਬਾਰੇ, EGH ਵਿਖੇ ਜੱਚਾ ਬੱਚਾ ਵਿਭਾਗ ਦੀ ਕਲੀਨੀਕਲ ਮੈਨੇਜਰ Lindsay Hogeboom ਦੱਸਦੀ ਹੈ। "ਅਸੀਂ NICU ਨੂੰ ਇਸ ਤਰੀਕੇ ਡੀਜ਼ਾਈਨ ਕੀਤਾ ਗਿਆ ਹੈ ਕਿ ਇੱਥੇ ਮਾਪਿਆਂ ਲਈ ਰਹਿਣ ਅਤੇ ਸੁਸਤਾਉਣ ਅਤੇ ਆਪਣੇ ਬੱਚੇ ਦੀ 24 ਘੰਟੇ ਸੰਭਾਲ ਵਿੱਚ ਸ਼ਾਮਲ ਹੋਣ ਵਾਸਤੇ ਇੱਕ ਸੌਣ ਵਾਲੀ ਆਰਾਮਦਾਇਕ ਕੁਰਸੀ ਉਪਲਬਧ ਹੈ। ਨੇੜੇ ਇੱਕ ਸਥਾਨ ਹੈ ਜਿੱਥੇ ਮਾਪੇ ਖਾਣ ਲਈ ਕੁੱਝ ਬਣਾ ਸਕਦੇ ਹਨ, ਆਰਾਮ ਕਰ ਸਕਦੇ ਹਨ ਜਦੋਂ ਉਹਨਾਂ ਦਾ ਬੱਚਾ ਸੌਂ ਰਿਹਾ ਹੋਵੇ। ਇਸ ਸਾਰੇ ਕੁੱਝ ਨਾਲ ਮਾਪਿਆਂ ਦੀ ਬੇਚੈਨੀ ਅਤੇ ਬੱਚੇ ਉੱਤੇ ਨਿਗਰਾਨੀ ਨਾ ਰੱਖਣ ਦੀ ਭਾਵਨਾ ਨੂੰ ਕਾਬੂ ਕਰਨ ਵਿੱਚ ਮਦਦ ਮਿਲਦੀ ਹੈ ਜੋ ਉਹ ਮਹਿਸੂਸ ਕਰ ਸਕਦੇ ਹਨ ਜੇ ਉਹਨਾਂ ਨੂੰ ਨਵ-ਜਨਮੇ ਬਾਲਕ ਤੋਂ ਲੰਬੇ ਸਮੇਂ ਲਈ ਦੂਰ ਰਹਿਣਾ ਪਵੇ।

ਨਵੀਆਂ ਸਹੂਲਤਾਂ ਕਮਿਊਨਿਟੀ ਨੂੰ ਮਾਤਰੀ, ਨਵ-ਜਨਮੇ ਦੀ ਡੀਲੀਵਰੀ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਦੀ ਸੰਭਾਲ ਲਈ ਪਹੁੰਚ ਦੇਂਦੀਆਂ ਹਨ। "ਇਹ ਸਾਡੀ ਟੀਮ ਨੂੰ ਹੋਰ ਵੀ ਉੱਚ ਪੱਧਰੀ ਸੰਭਾਲ ਦੇਣ ਦੇ ਕਾਬਲ ਬਣਾਉਣਗੀਆਂ," Lindsay ਦਾ ਆਖਣਾ ਹੈ, "ਅਤੇ ਮਾਪਿਆਂ ਨੂੰ ਵਧੇਰੇ ਸੰਤੁਸ਼ਟੀ ਹਾਸਲ ਹੋਵੇਗੀ।"

**ਕੀ Etobicoke General ਬਾਰੇ ਤੁਹਾਡੇ ਕੋਈ ਸੁਆਲ ਹਨ?**

ਸਾਨੂੰ public_ relations@williamoslerhs.ca ਉੱਤੇ ਈ ਮੇਲ ਕਰੋ ਜਾਂ (416) 494-2120, ਐਕਸਟੈਨਸ਼ਨ 50200 ਉੱਤੇ ਕਾਲ ਕਰੋ।

ਸਾਨੂੰ **www.williamoslerhs.ca** ਉੱਤੇ ਆਨਲਾਈਨ ਵਿਜ਼ਟ ਕਰੋ।

William Osler Health System
Going Beyond
www.williamoslerhs.ca

$15M Matching Challenge
Give Once. Help Twice. Change Lives.
*Orlando Corporation* ਵੱਲੋਂ ਦਿੱਤੇ ਸੀਮਾਬੱਧ ਤੋਹਫੇ ਲਈ ਧੰਨਵਾਦ, ਤੁਹਾਡੇ ਤੋਹਫੇ ਦੀ ਰਾਸ਼ੀ ਦੇ ਹਰ ਡਾਲਰ ਦੀ ਬਰਾਬਰ ਰਾਸ਼ੀ ਪਾਈ ਜਾਵੇਗੀ।

Etobicoke General Hospital
William Osler Health System Foundation
www.oslerfoundation.org

# ASIAN FOOD CENTRE



**SERVING FROM 10 LOCATIONS IN ALL THE GTA AREA:**

1. 621 Wanless drive unit 122 Brampton ON L7A 0A9............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109





SimConnect FREIGHT MANAGEMENT

**HIRING OWNER OPERATORS FOR LAREDO TX & MIDWEST LANES**

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

*Owner Operator up to 1.65 Per miles*

Company Drivers :
Solo/Team : upto .65 Cents Per Mile



Sim Connect Freight Management

24 Hrs Dispatch

**Ph: (905)915-1805/(905)799-8822**

3380 Airway Dr Mississauga Ontario L4T1V3




ਮੰਨ ਪਸੰਦ ਦੀ Kitchen and Washroom ਬਣਵਾਓ

**Pearson**
Kitchen & Cabinet

Free Estimate
We Specialize in granite, quartz & marble countertops

100% Satisfaction On Time





**We Specialize In:**

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



FREDERICK BANTING
INTERNATIONAL SCHOOL

- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8





- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN




FREDERICK BANTING INTERNATIONAL SCHOOL

**COVENTRY CAMPUS**
21 Coventry Rd, Brampton, Ontario L6T 4V7
Phone: 647-407-4600

WWW.FBI.SCHOOL | INFO@FBS.SCHOOL

**HIGHLIGHTS**

- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

## ਅੱਜ ਨਾਮਾ

ਮੁੜਿਆ ਦਿੱਲੀ ਤੋਂ ਮਾਨ ਭਗਵੰਤ ਕਹਿੰਦਾ,
ਹੋ ਗਈ ਪਾਰਟੀ ਦੀ ਮੀਟਿੰਗ ਖਾਸ ਮੀਆਂ।
ਸੁਣੀ ਕੌੜ-ਕੁੜੱਤਣ ਦੀ ਬਾਤ ਕੋਈ ਨਹੀਂ,
ਮੀਟਿੰਗ ਅੰਦਰ ਸੀ ਬਹੁਤ ਮਿਠਾਸ ਮੀਆਂ।
ਮਾੜਾ-ਚੰਗਾ ਸੀ ਹੁੰਦਾ ਕੁਝ ਰਿਹਾ ਜਿਹੜਾ,
ਕੀਤਾ ਉਹਦਾ ਹੈ ਗਿਆ ਅਹਿਸਾਸ ਮੀਆਂ।
ਜਿਹੜੇ ਗਏ ਤਾਂ ਸਾਡਾ ਨੁਕਸਾਨ ਹੋਇਆ,
ਉਹ ਵੀ ਮੁੜਨ ਦੀ ਬੱਝੀ ਹੈ ਆਸ ਮੀਆਂ।
ਖਹਿਰਾ-ਕੰਵਰ ਹੀ ਦੋਵੇਂ ਨਾ ਲੋਟ ਆਉਂਦੇ,
ਪਾਇਆ ਉਨ੍ਹਾਂ ਨੇ ਪਿਆ ਘਮਸਾਣ ਮੀਆਂ।
ਛੋਟੇਪੁਰ ਜੇ ਮੁੜ ਪਿਆ, ਫਿਕਰ ਕੋਈ ਨਾ,
ਜਿੱਧਰ ਜਾਂਦੇ ਉਹ, ਦੋਵੇਂ ਹੀ ਜਾਣ ਮੀਆਂ।

ਤੀਸ ਮਾਰ ਖਾਂ

# ਯੂਐਨ ਦੀ ਅਦਾਲਤ ਨੇ ਅਮਰੀਕਾ ਨੂੰ ਇਰਾਨ ਉਤੇ ਲਾਈਆਂ ਪਾਬੰਦੀਆਂ ਵਿੱਚੋਂ ਕੁੱਝ ਨੂੰ ਹਟਾਉਣ ਲਈ ਆਖਿਆ

ਦ ਹੇਗ, ਨੀਦਰਲੈਂਡਜ਼, 3 ਅਕਤੂਬਰ (ਪੋਸਟ ਬਿਊਰੋ) : ਸੰਯੁਕਤ ਰਾਸ਼ਟਰ ਦੀ ਸਰਬਉੱਚ ਅਦਾਲਤ ਨੇ ਬੁੱਧਵਾਰ ਨੂੰ ਅਮਰੀਕਾ ਨੂੰ ਹੁਕਮ ਦਿੱਤਾ ਕਿ ਉਹ ਇਰਾਨ ਉੱਤੇ ਲਾਈਆਂ ਪਾਬੰਦੀਆਂ ਵਿੱਚੋਂ ਕੁੱਝ ਹਟਾ ਲਵੇ। ਇਨ੍ਹਾਂ ਪਾਬੰਦੀਆਂ ਕਾਰਨ ਇਰਾਨ ਤੱਕ ਮਨੁੱਖਤਾ ਨਾਲ ਜੁੜੀਆਂ ਕੁੱਝ ਜ਼ਰੂਰੀ ਵਸਤਾਂ ਤੇ ਉਤਪਾਦ ਪਹੁੰਚ ਨਹੀਂ ਪਾ ਰਹੇ ਹਨ ਤੇ ਨਾ ਹੀ ਸ਼ਹਿਰੀ ਹਵਾਬਾਜ਼ੀ ਦੀ ਸੇਫਟੀ ਲਈ ਲੋੜੀਂਦੇ ਸਾਜ਼ੋ ਸਮਾਨ ਨਾਲ ਸਬੰਧਤ ਸੇਵਾਵਾਂ ਹੀ ਸਥਾਨਕ ਲੋਕਾਂ ਨੂੰ ਮਿਲ ਪਾ ਰਹੀਆਂ ਹਨ।

ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵੱਲੋਂ ਸੁਣਾਏ ਗਏ ਇਹ ਫੈਸਲਾ ਮੰਨਣਾ ਕਾਨੂੰਨੀ ਤੌਰ ਉੱਤੇ ਅਮਰੀਕਾ ਲਈ ਜ਼ਰੂਰੀ ਹੈ ਪਰ ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਇਹ ਫੈਸਲਾ ਮੰਨਿਆ ਜਾਵੇਗਾ ਜਾਂ ਨਹੀਂ। ਹੋਰਨਾਂ ਵਿਸ਼ਵ ਸ਼ਕਤੀਆਂ ਸਮੇਤ ਤਹਿਰਾਨ ਦੇ ਪ੍ਰਮਾਣੂ ਸਮਝੌਤੇ ਤੋਂ ਮਈ ਵਿੱਚ




ਪਾਸੇ ਹੋਣ ਤੋਂ ਬਾਅਦ ਟਰੰਪ ਨੇ ਇਰਾਨ ਉੱਤੇ ਸਖਤ ਪਾਬੰਦੀਆਂ ਲਾਈਆਂ ਸਨ। ਇਰਾਨ ਨੇ ਜੁਲਾਈ ਵਿੱਚ ਇਨ੍ਹਾਂ ਪਾਬੰਦੀਆਂ ਦੇ ਖਿਲਾਫ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵਿੱਚ ਕੇਸ ਦਾਇਰ ਕੀਤਾ ਸੀ।

ਆਪਣੇ ਮੁੱਢਲੇ ਫੈਸਲੇ ਵਿੱਚ ਅਦਾਲਤ ਨੇ ਆਖਿਆ ਕਿ ਅਮਰੀਕਾ ਇਰਾਨ ਉੱਤੇ ਦਵਾਈਆਂ ਤੇ ਮੈਡੀਕਲ ਡਿਵਾਇਸਿਜ਼, ਖਾਣ-ਪੀਣ ਦੀਆਂ ਚੀਜ਼ਾਂ ਤੇ ਖੇਤੀਬਾੜੀ ਨਾਲ ਸਬੰਧਤ ਵਸਤਾਂ, ਸਪੇਅਰ ਪਾਰਟਸ ਤੇ ਸ਼ਹਿਰੀ ਹਵਾਬਾਜ਼ੀ ਦੀ ਸੇਫਟੀ ਲਈ ਲੋੜੀਂਦਾ ਸਾਜ਼ੋ ਸਮਾਨ ਆਦਿ ਉੱਤੇ ਲਾਈਆਂ ਪਾਬੰਦੀਆਂ ਹਟਾ ਲਵੇ। ਤਥਾ ਕਥਿਤ ਆਰਜ਼ੀ ਪ੍ਰਬੰਧਾਂ ਦਾ ਐਲਾਨ ਕਰਦਿਆਂ ਅਦਾਲਤ ਦੇ ਪ੍ਰੈਜ਼ੀਡੈਂਟ ਅਬਦੁਲਕਾਵੀ ਅਹਿਮਦ ਯੂਸਫ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਕੇਸ ਜਾਰੀ ਰਹੇਗਾ ਤੇ ਅਮਰੀਕਾ ਅਜੇ ਵੀ ਅਦਾਲਤ ਦੇ ਅਧਿਕਾਰਖੇਤਰ ਨੂੰ ਚੁਣੌਤੀ ਦੇ ਸਕਦਾ ਹੈ।

ਇਰਾਨ ਦੇ ਵਿਦੇਸ਼ ਮੰਤਰੀ ਜਾਵੇਦ ਜ਼ਰੀਫ ਨੇ ਅਦਾਲਤ ਦੇ ਫੈਸਲੇ ਦੀ ਸਿਫਤ ਕੀਤੀ। ਉਨ੍ਹਾਂ ਆਖਿਆ ਕਿ ਇਹ ਪਾਬੰਦੀਆ ਲਾਉਣ ਦੇ ਆਦੀ ਅਮਰੀਕਾ ਲਈ ਇੱਕ ਹੋਰ ਅਸਫਲਤਾ ਹੈ ਤੇ ਕਾਨੂੰਨ ਦੀ ਪਾਲਣਾ ਕਰਨ ਵਾਲਿਆਂ ਦੀ ਜਿੱਤ ਹੈ। ਇਸ ਫੈਸਲੇ ਉੱਤੇ ਦ ਹੇਗ ਵਿੱਚ ਮੌਜੂਦ ਅਮਰੀਕੀ ਅਧਿਕਾਰੀਆਂ ਵੱਲੋਂ ਕੋਈ ਵੀ ਪ੍ਰਤੀਕਿਰਿਆ ਨਹੀਂ ਪ੍ਰਗਟਾਈ ਗਈ।

# ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲਈ 22 ਮੈਂਬਰੀ ਸਟੇਟ ਕੋਰ ਕਮੇਟੀ ਬਣਾਈ

ਚੰਡੀਗੜ੍ਹ, 3 ਅਕਤੂਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਪੰਜਾਬ ਨੇ ਇੱਕ ਵੱਡੇ ਫੈਸਲੇ ਅਧੀਨ ਪੰਜਾਬ ਦਾ ਕੰਮ ਚਲਾਉਣ ਲਈ ਅੱਜ ਇੱਕ 22 ਮੈਂਬਰੀ ਸਟੇਟ ਕੋਰ ਕਮੇਟੀ ਬਣਾ ਦਿੱਤੀ ਹੈ, ਜੋ ਪੰਜਾਬ ਨਾਲ ਸੰਬੰਧਿਤ ਸਾਰੇ ਫ਼ੈਸਲੇ ਖ਼ੁਦ ਲੈਣ ਦੇ ਯੋਗ ਹੋਵੇਗੀ। ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਇਸ ਦੇ ਚੇਅਰਮੈਨ ਹੋਣਗੇ।

ਪਾਰਟੀ ਦੇ ਸੀਨੀਅਰ ਆਗੂ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਅੱਜ ਏਥੇ ਪ੍ਰੈੱਸ ਕਲੱਬ ਵਿੱਚ ਇਹ ਐਲਾਨ ਇਕੱਠਿਆਂ ਨੇ ਕੀਤਾ। ਇਸ ਮੌਕੇ ਸੂਬਾ ਸਹਿ-ਪ੍ਰਧਾਨ ਡਾ. ਬਲਬੀਰ ਸਿੰਘ, ਵਿਧਾਇਕ ਸਰਬਜੀਤ ਕੌਰ ਮਾਣੂੰਕੇ, ਪ੍ਰੋ. ਬਲਜਿੰਦਰ ਕੌਰ, ਕੁਲਤਾਰ ਸਿੰਘ ਸੰਧਵਾਂ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ ਤੇ ਕਈ ਹੋਰ ਸੂਬਾ ਆਗੂ ਮੌਜੂਦ ਸਨ। ਇਸ 22 ਮੈਂਬਰੀ ਸਟੇਟ ਕੋਰ ਕਮੇਟੀ ਵਿੱਚ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਅਤੇ ਪ੍ਰੋ. ਸਾਧੂ ਸਿੰਘ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਉਪ ਨੇਤਾ ਸਰਬਜੀਤ ਕੌਰ ਮਾਣੂੰਕੇ, ਵਿਧਾਇਕ ਐਚ ਐਸ ਫੂਲਕਾ, ਅਮਨ ਅਰੋੜਾ, ਪ੍ਰਿੰਸੀਪਲ ਬੁੱਧ ਰਾਮ (ਚੇਅਰਮੈਨ), ਕੁਲਤਾਰ ਸਿੰਘ ਸੰਧਵਾਂ, ਪ੍ਰੋ.



ਬਲਜਿੰਦਰ ਕੌਰ, ਗੁਰਮੀਤ ਸਿੰਘ ਮੀਤ ਹੇਅਰ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ, ਅਮਰਜੀਤ ਸਿੰਘ ਸੰਦੋਆ ਅਤੇ ਰੁਪਿੰਦਰ ਕੌਰ ਰੂਬੀ ਸ਼ਾਮਲ ਕੀਤੇ ਗਏ ਹਨ। ਸੰਗਠਨ ਵਿਚੋਂ ਸਹਿ ਪ੍ਰਧਾਨ ਡਾ. ਬਲਬੀਰ ਸਿੰਘ, ਖ਼ਜ਼ਾਨਚੀ ਸੁਖਵਿੰਦਰ ਸੁੱਖੀ, ਜ਼ੋਨ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ, ਡਾ.ਰਵਜੋਤ ਸਿੰਘ, ਦਲਬੀਰ ਸਿੰਘ ਢਿੱਲੋਂ ਤੇ ਗੁਰਦਿੱਤ ਸਿੰਘ ਸੇਖੋਂ ਅਤੇ ਜਨਰਲ ਸਕੱਤਰ ਜਮੀਲਉਰ ਰਹਿਮਾਨ ਅਤੇ ਮਨਜੀਤ ਸਿੰਘ ਸਿੱਧੂ ਸ਼ਾਮਲ ਹਨ।

ਇਸ ਮੌਕੇ ਭਗਵੰਤ ਮਾਨ ਤੇ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਹ ਕਮੇਟੀ ਬਲਾਕ ਪੱਧਰੀ ਨਿਯੁਕਤੀਆਂ ਤੋਂ ਲੈ ਕੇ ਲੋਕ ਸਭਾ ਚੋਣਾਂ ਲਈ ਉਮੀਦਵਾਰ ਚੁਣਨ ਅਤੇ ਟਿਕਟਾਂ ਦੇ ਫ਼ੈਸਲੇ ਆਪਸੀ ਸਹਿਮਤੀ ਜਾਂ ਬਹੁ-ਸੰਮਤੀ ਨਾਲ ਖ਼ੁਦ ਲਵੇਗੀ। ਪਾਰਟੀ ਗਤੀਵਿਧੀਆਂ, ਜਨਤਕ ਸੰਘਰਸ਼ ਤੇ ਵਿਰੋਧੀ ਧਿਰ ਦੀ ਸਾਰਥਿਕ ਭੂਮਿਕਾ ਲਈ ਇਹ ਕਮੇਟੀ ਖ਼ੁਦ ਸਾਰੇ ਫ਼ੈਸਲੇ ਕਰੇਗੀ। ਇੱਕ ਸਵਾਲ ਦੇ ਜਵਾਬ 'ਚ ਭਗਵੰਤ ਮਾਨ ਨੇ ਕਿਹਾ ਕਿ ਸਾਡੀ ਨੈਸ਼ਨਲ ਪਾਰਟੀ ਹੈ, ਦੂਸਰੀਆਂ ਰਾਸ਼ਟਰੀ ਪਾਰਟੀਆਂ ਵਾਂਗ ਇਸ ਦਾ ਮੁੱਖ ਦਫ਼ਤਰ ਦਿੱਲੀ ਵਿਚ ਹੈ। ਪਾਰਟੀ ਹਾਈ ਕਮਾਨ ਦੀ ਭੂਮਿਕਾ ਇਸ ਕਮੇਟੀ ਦੇ ਚੁਣੇ ਗਏ ਉਮੀਦਵਾਰਾਂ ਲਈ ਚੋਣ ਨਿਸ਼ਾਨ ਅਲਾਟ ਕਰਨ ਤੱਕ ਰਹੇਗੀ।

ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਕਮੇਟੀ ਪੰਜਾਬ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਅੰਦਰੂਨੀ ਵਿਚਾਰਾਂ ਦੇ ਮਤਭੇਦ ਦੂਰ ਕਰਨ ਦੇ ਯਤਨ ਕਰੇਗੀ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਵਿਧਾਇਕ ਐਚ ਐਸ ਫੂਲਕਾ, ਅਮਨ ਅਰੋੜਾ, ਸਰਬਜੀਤ ਕੌਰ ਮਾਣੂੰਕੇ, ਕੁਲਵੰਤ ਸਿੰਘ ਪੰਡੋਰੀ ਅਤੇ ਰੁਪਿੰਦਰ ਕੌਰ ਰੂਬੀ ਅਤੇ ਹੋਰ ਵਿਧਾਇਕ ਅਤੇ ਸੀਨੀਅਰ ਆਗੂ ਪਾਰਟੀ ਦੇ ਨਾਰਾਜ਼ ਸਾਥੀਆਂ ਨਾਲ ਗੱਲਬਾਤ ਕਰ ਰਹੇ ਹਨ, ਫਿਰ ਵੀ ਲੋੜ ਪਵੇ ਤਾਂ ਸਬ-ਕਮੇਟੀ ਬਣਾਈ ਜਾ ਸਕਦੀ ਹੈ, ਜੋ ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ ਅਤੇ ਡਾ. ਧਰਮਵੀਰ ਗਾਂਧੀ ਨਾਲ ਚੱਲਦੀ ਪਹਿਲੇ ਦੌਰ ਦੀ ਗੱਲਬਾਤ ਨੂੰ ਅੱਗੇ ਵਧਾਏਗੀ।

ਇਸ ਕਮੇਟੀ ਦੇ ਮੈਂਬਰਾਂ ਨੇ ਚੇਅਰਮੈਨ ਲਈ ਭਗਵੰਤ ਮਾਨ ਨੂੰ ਚੁਣਿਆ ਸੀ, ਪਰ ਮਾਨ ਨੇ ਪ੍ਰਿੰਸੀਪਲ ਬੁੱਧ ਰਾਮ ਨੂੰ ਚੇਅਰਮੈਨ ਬਣਾਉਣ ਦੀ ਬੇਨਤੀ ਕੀਤੀ ਤਾਂ ਮੰਨ ਲਈ ਗਈ। ਮਾਨ ਨੇ ਦੱਸਿਆ ਕਿ ਬਾਦਲ ਤੇ ਕੈਪਟਨ 7 ਅਕਤੂਬਰ ਨੂੰ ਰੈਲੀ-ਰੈਲੀ ਖੇਡ ਰਹੇ ਹਨ ਤਾਂ ਕਿ ਬਰਗਾੜੀ ਦੇ ਮੁੱਦੇ ਤੋਂ ਧਿਆਨ ਭਟਕਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਬੇਹੱਦ ਸੰਵੇਦਨਸ਼ੀਲ ਅਤੇ ਆਸਥਾ ਦਾ ਮੁੱਦਾ ਹੈ, ਜਿਸ ਉੱਤੇ ਰਾਜਨੀਤੀ ਨਹੀਂ, ਇਨਸਾਫ਼ ਹੋਣਾ ਚਾਹੀਦਾ ਹੈ।

# ਰੋਹਿਤ ਸਿੱਧੂ ਬਰੈਂਪਟਨ ਸਿਟੀ ਕਾਉਂਸਲ ਦੇ ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਤੋਂ ਉਮੀਦਵਾਰ

ਰੋਹਿਤ ਸਿੱਧੂ ਬਰੈਂਪਟਨ ਸਿਟੀ ਕਾਉਂਸਲ ਦੇ ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਤੋਂ ਤੁਹਾਡਾ ਉਮੀਦਵਾਰ ਹੈ। ਰੋਹਿਤ ਸਿੱਧੂ ਦਾ ਜਨਮ ਜੀਟੀਏ ਵਿੱਚ ਹੋਇਆ ਸੀ, ਤੇ ਉਹ ਲੱਗਭਗ ਆਪਣੀ ਪੂਰੀ ਜ਼ਿੰਦਗੀ ਬਰੈਂਪਟਨ ਵਿਖੇ ਹੀ ਰਹਿੰਦਾ ਰਿਹਾ। ਉਹ ਮਰਹੂਮ ਕਵੀਸ਼ਰ ਰਣਜੀਤ ਸਿੰਘ ਸਿਧਵਾਂ ਦੇ ਪੋਤੇ ਤੇ ਤੇਜਿੰਦਰ ਸਿੱਧੂ, ਜਿਨ੍ਹਾਂ ਦੀ ਆਵਾਜ਼ ਤੁਸੀਂ ਦੇਸ਼ ਪਰਦੇਸ਼ ਰੇਡੀਓ ਏਐਮ 530 ਉੱਤੇ ਸੁਣਦੇ ਹੋਂ, ਦੇ ਸਪੁੱਤਰ ਹਨ। ਰੋਹਿਤ ਸਿੱਧੂ ਨੇ ਬਰੈਂਪਟਨ ਤੇ ਪੀਲ ਰੀਜਨ ਦੇ ਵੱਖ ਵੱਖ ਪਬਲਿਕ ਸਕੂਲਾਂ ਵਿੱਚ ਪੜ੍ਹਾਈ ਕੀਤੀ। ਲੱਗਭਗ ਉਮਰ ਭਰ ਬਰੈਂਪਟਨ ਵਿੱਚ ਹੀ ਰਹੇ ਰੋਹਿਤ ਸਿੱਧੂ ਦਿਨੋਂ ਦਿਨ ਵੱਧ ਰਹੇ ਪ੍ਰੌਪਰਟੀ ਟੈਕਸਾਂ ਕਾਰਨ ਇੱਥੋਂ ਦੇ ਪਰਿਵਾਰਾਂ ਨੂੰ ਪੇਸ਼ ਆ ਰਹੀਆਂ ਦਿੱਕਤਾਂ ਨੂੰ ਸਮਝਦੇ ਹਨ। ਬਰੈਂਪਟਨ ਵਿੱਚ ਮਿਸੀਸਾਗਾ ਤੇ ਟੋਰਾਂਟੋ ਦੇ ਨਾਲ ਨਾਲ ਸਮੁੱਚੇ ਜੀਟੀਏ ਨਾਲੋਂ ਵੀ ਜ਼ਿਆਦਾ ਪ੍ਰੌਪਰਟੀ ਟੈਕਸ ਹਨ। ਮੰਦਭਾਗੀ ਗੱਲ ਇਹ ਹੈ ਕਿ ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਦਾ ਮਤਲਬ ਇਹ ਨਹੀਂ ਹੈ ਕਿ ਇੱਥੇ ਮਿਉਂਸਪਲ ਸੇਵਾਵਾਂ ਹੋਰਨਾਂ ਸ਼ਹਿਰਾਂ ਨਾਲੋਂ ਬਿਹਤਰ ਹਨ। ਅਸਲ ਵਿੱਚ ਮਿਉਂਸਪਲ ਸੇਵਾਵਾਂ ਜਿਵੇਂ ਕਿ ਗਾਰਬੇਜ ਕੁਲੈਕਸ਼ਨ, ਰੀਸਾਈਕਲਿੰਗ ਤੇ ਸਨੋਅ ਹਟਾਉਣਾ ਆਦਿ ਵਿੱਚ ਪਿਛਲੇ 4 ਸਾਲਾਂ ਵਿੱਚ ਨਿਘਾਰ ਹੀ






ਆਇਆ ਹੈ। ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਨਾਲ ਵਧੇਰੇ ਹਸਪਤਾਲ, ਜਿਨ੍ਹਾਂ ਦੀ ਬਰੈਂਪਟਨ ਨੂੰ ਫੌਰੀ ਲੋੜ ਹੈ, ਤਿਆਰ ਕਰਨ ਵਿੱਚ ਕੋਈ ਮਦਦ ਨਹੀਂ ਮਿਲੀ। ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਨਾਲ ਵਧੇਰੇ ਪੁਲਿਸ ਅਧਿਕਾਰੀ ਵੀ ਤਾਇਨਾਤ ਨਹੀਂ ਕੀਤੇ ਗਏ। ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਦੇ ਬਦਲੇ ਮਿਲਣ ਵਾਲੀਆਂ ਮਿਉਂਸਪਲ ਸੇਵਾਵਾਂ, ਜਿਹੜੀਆਂ ਸਿਟੀ ਆਫ ਬਰੈਂਪਟਨ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਵੀ ਨਿਗੂਣੀਆਂ ਜਿਹੀਆਂ ਹੀ ਹਨ। ਜੇ ਤੁਸੀਂ ਚਾਹੁੰਦੇ ਹੋਂ ਕਿ ਤੁਹਾਡੇ ਟੈਕਸ ਡਾਲਰ ਤੁਹਾਨੂੰ ਹੋਰ ਵਧੀਆ ਮਿਉਂਸਪਲ ਸੇਵਾਵਾਂ, ਬਿਹਤਰ ਫੰਡਿੰਗ, ਪਾਰਦਰਸ਼ੀ ਫੰਡਿੰਗ ਮੁਹੱਈਆ ਕਰਵਾਉਣ ਤਾਂ 22 ਅਕਤੂਬਰ ਨੂੰ ਰੋਹਿਤ ਸਿੱਧੂ ਨੂੰ ਵੋਟ ਪਾ ਕੇ ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਤੋਂ ਬਰੈਂਪਟਨ ਸਿਟੀ ਕਾਉਂਸਲਰ ਬਣਾਓ। ਤੁਹਾਡੇ ਵਿੱਚੋਂ ਰੋਹਿਤ ਸਿੱਧੂ ਦਾ ਸਮਰਥਨ ਕਰਨ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਜਾਂ ਵਾਲੰਟੀਅਰ ਵਜੋਂ ਨਾਲ ਜੁੜਨ ਵਾਲਿਆਂ ਲਈ ਤੁਸੀਂ ਉਸ ਦੀ ਕੈਂਪੇਨ ਨਾਲ 416-999-1300 ਉੱਤੇ ਸੰਪਰਕ ਕਰ ਸਕਦੇ ਹੋਂ ਜਾਂ www.rohitsidhu.com ਉੱਤੇ ਵਿਜ਼ਿਟ ਕਰ ਸਕਦੇ ਹੋਂ। ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਲਈ ਰੋਹਿਤ ਸਿੱਧੂ ਨੂੰ ਅਗਲਾ ਸਿਟੀ ਕਾਉਂਸਲਰ ਬਣਾਉਣ ਵਾਸਤੇ 22 ਅਕਤੂਬਰ ਨੂੰ ਉਨ੍ਹਾਂ ਨੂੰ ਵੋਟ ਪਾਓ। ਬਰੈਂਪਟਨ ਸੌਕਰ ਸੈਂਟਰ ਤੇ ਗੋਰ ਮੀਡੋਅਜ਼ ਕਮਿਊਨਿਟੀ ਸੈਂਟਰ ਜਾਂ 6 ਅਕਤੂਬਰ ਦਿਨ ਸ਼ਨਿੱਚਰਵਾਰ ਤੇ 13 ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਐਡਵਾਂਸ ਵੋਟਿੰਗ ਕੀਤੀ ਜਾ ਸਕਦੀ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜਰਬਾ | ਸਤੇ ਦਿਨ ਖੁੱਲਾ | ਗੋਰਅਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
● ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
● ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
● ਆਪਣੀ ਚਿਹਰੇ ਦੀ ਖ਼ੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
● ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
● ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
● ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

# ਪੰਜਾਬ ਸਰਕਾਰ ਨੇ 8886 ਅਧਿਆਪਕਾਂ ਨੂੰ ਰੈਗੂਲਰ ਕੀਤਾ

## * 'ਘਰ ਘਰ ਰੁਜ਼ਗਾਰ' ਦੇ ਮਿਸ਼ਨ ਨੂੰ ਸਰਕਾਰ ਵੱਲੋਂ ਪ੍ਰਵਾਨਗੀ



ਚੰਡੀਗੜ੍ਹ, 3 ਅਕਤੂਬਰ, (ਪੋਸਟ ਬਿਊਰੋ)- ਆਦਰਸ਼ ਅਤੇ ਮਾਡਲ ਸਕੂਲਾਂ ਸਣੇ ਸਰਬ ਸਿੱਖਿਆ ਅਭਿਆਨ (ਐਸ ਐਸ ਏ) ਅਤੇ ਰਾਸ਼ਟਰੀ ਮਾਧਮਿਕ ਸ਼ਿਕਸ਼ਾ ਅਭਿਆਨ (ਰਮਸਾ) ਹੇਠ ਭਰਤੀ ਕੀਤੇ ਗਏ 8886 ਅਧਿਆਪਕਾਂ ਦੀਆਂ ਸੇਵਾਵਾਂ ਪੰਜਾਬ ਸਰਕਾਰ ਨੇ ਅੱਜ ਤੋਂ ਰੈਗੂਲਰ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਸਰਕਾਰ ਨੇ ਅਣ-ਅਧਿਕਾਰਤ ਕਾਲੋਨੀਆਂ ਨੂੰ ਰੈਗੂਲਰ ਕਰਨ ਦੀ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਮੀਟਿੰਗ ਨੇ ਕੈਬਨਿਟ ਸਬ-ਕਮੇਟੀ ਦੀਆਂ ਸਿਫਾਰਸ਼ਾਂ ਪ੍ਰਵਾਨ ਕਰ ਕੇ ਸਰਬ ਸਿੱਖਿਆ ਅਭਿਆਨ ਲਈ ਭਰਤੀ ਕੀਤੇ 7356 ਅਧਿਆਪਕਾਂ, ਰਮਸਾ ਦੇ 1194 ਅਧਿਆਪਕਾਂ, ਮਾਡਲ ਸਕੂਲਾਂ ਦੇ 220 ਅਤੇ ਆਦਰਸ਼ ਸਕੂਲਾਂ ਦੇ 116 ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਨੂੰ ਤਿੰਨ ਸਾਲ 10,300 ਰੁਪਏ ਦੀ ਥਾਂ 15,000 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲੇਗੀ ਅਤੇ ਸੀਨੀਆਰਟੀ ਵੀ ਸਰਵਿਸ ਵਿੱਚ ਰੈਗੂਲਰ ਹੋਣ ਦੀ ਮਿਤੀ ਤੋਂ ਤੈਅ ਹੋਵੇਗੀ। ਇਨ੍ਹਾਂ ਅਧਿਆਪਕਾਂ/ ਮੁਲਾਜ਼ਮਾਂ ਨੂੰ ਆਪਣੀ ਆਪਸ਼ਨ ਦੇਣ ਲਈ 15 ਦਿਨ ਦਿੱਤੇ ਜਾਣਗੇ, ਜੇ ਆਪਸ਼ਨ 15 ਦਿਨਾਂ ਬਾਅਦ ਦਿੱਤੀ ਗਈ ਤਾਂ ਸੀਨੀਆਰਟੀ ਦੀ ਤਰੀਕ ਆਪਸ਼ਨ ਹਾਸਲ ਕਰਨ ਦੀ ਤਰੀਕ ਨਾਲ ਤੈਅ ਹੋਵੇਗੀ। ਜੇ ਉਹ ਪਹਿਲਾਂ ਵਾਂਗ ਸੁਸਾਇਟੀ ਵਿੱਚ ਸੇਵਾ ਜਾਰੀ ਰੱਖਣ ਲਈ ਮਨ ਬਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਮੌਜੂਦਾ ਤਨਖਾਹ ਮਿਲਦੀ ਰਹੇਗੀ।

ਇਸ ਮੌਕੇ ਪੰਜਾਬ ਸਰਕਾਰ ਨੇ ਗੈਰ-ਯੋਜਨਾ ਬੱਧ ਢੰਗ ਨਾਲ ਹੁੰਦੀ ਉਸਾਰੀ ਰੋਕਣ ਲਈ ਇਸ ਸਾਲ 19 ਮਾਰਚ ਤੋਂ ਪਹਿਲਾਂ ਬਣੀਆਂ ਅਣ-ਅਧਿਕਾਰਤ ਕਾਲੋਨੀਆਂ ਨੂੰ ਰੈਗੂਲਰ ਕਰਨ ਦੀ ਨੀਤੀ ਪ੍ਰਵਾਨ ਕਰ ਲਈ ਹੈ। ਇਸ ਫ਼ੈਸਲੇ ਨਾਲ ਸਰਕਾਰ ਅਣ-ਅਧਿਕਾਰਤ ਕਾਲੋਨੀਆਂ ਜਾਂ ਪਲਾਟ-ਇਮਾਰਤ ਨੂੰ ਕੰਪਾਊਂਡ ਕਰਨ ਲਈ ਪਹਿਲਾਂ ਤੋਂ ਜਾਰੀ ਨੀਤੀਆਂ ਹੇਠ ਜਿਹੜੇ ਕਾਲੋਨਾਈਜ਼ਰ ਤੇ ਆਮ ਲੋਕ ਅਪਲਾਈ ਕਰਨੋਂ ਰਹਿ ਗਏ ਸਨ, ਉਨ੍ਹਾਂ ਨੂੰ ਹੋਰ ਮੌਕਾ ਮਿਲੇਗਾ। ਇਸ ਨੀਤੀ ਹੇਠ ਅਣ-ਅਧਿਕਾਰਤ ਕਾਲੋਨੀਆਂ ਰੈਗੂਲਰ ਕੀਤੀਆਂ ਜਾਣਗੀਆਂ ਤੇ ਰੈਗੂਲਰਾਈਜ਼ੇਸ਼ਨ ਦੇ ਪਹਿਲਾਂ ਭੁਗਤਾਨ ਕੀਤੇ ਚਾਰਜਿਜ਼ ਨੂੰ ਐਡਜਸਟ ਕੀਤਾ ਜਾਵੇਗਾ। ਅੱਜ ਹੀ ਸਰਕਾਰ ਨੇ ਆਰਡੀਨੈਂਸ ਰਾਹੀਂ ਪੰਜਾਬ ਗੁੱਡਜ਼ ਐਂਡ ਸਰਵਿਸਿਜ਼ ਟੈਕਸ ਐਕਟ (ਜੀ ਐੱਸ ਟੀ) ਨੂੰ ਸੋਧਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਰਿਟਰਨ ਭਰਨ ਅਤੇ ਅਦਾਇਗੀ ਪ੍ਰਕਿਰਿਆ ਸੌਖੀ ਕੀਤੀ ਜਾ ਸਕੇ।

ਸਰਕਾਰ ਨੇ 'ਪੰਜਾਬ ਘਰ-ਘਰ ਰੁਜ਼ਗਾਰ ਤੇ ਕਾਰੋਬਾਰ ਮਿਸ਼ਨ' ਦੀ ਸਥਾਪਨਾ ਮਨਜ਼ੂਰ ਕਰ ਲਈ ਹੈ। ਮੁੱਖ ਮੰਤਰੀ ਇਸ ਮਿਸ਼ਨ ਦੀ ਗਵਰਨਿੰਗ ਕੌਂਸਲ ਦੇ ਚੇਅਰਮੈਨ ਹੋਣਗੇ। ਇਸ ਦਾ ਉਦੇਸ਼ ਭਾਰਤ ਜਾਂ ਦੂਜੇ ਦੇਸ਼ਾਂ ਵਿੱਚ ਰੁਜ਼ਗਾਰ ਦੀ ਭਾਲ ਕਰਦੇ ਲੋਕਾਂ ਨੂੰ ਸਹੂਲਤ ਦੇਣਾ ਹੈ, ਜਿਸ ਵਿੱਚ ਸੂਬੇ ਵਿੱਚ ਰੁਜ਼ਗਾਰ ਤੋਂ ਸੱਖਣੇ ਘਰਾਂ ਦੇ ਅੰਕੜੇ ਇਕੱਠੇ ਕਰਕੇ ਡੇਟਾ ਬੇਸ ਤਿਆਰ ਕਰਨ ਦੇ ਨਾਲ ਰੁਜ਼ਗਾਰ ਉਤਪਤੀ ਦੀ ਵਿਵਸਥਾ ਵਿਕਸਿਤ ਕਰਨ ਉਤੇ ਜ਼ੋਰ ਹੋਵੇਗਾ। ਸਰਕਾਰ ਨੇ 'ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ' (ਪੀ ਐਮ ਜੇ ਏ ਵਾਈ) ਨੂੰ ਸਿਧਾਂਤਕ ਪ੍ਰਵਾਨਗੀ ਦੇ ਕੇ ਸਮਾਜਿਕ-ਆਰਥਿਕ ਜਾਤੀ ਜਨ-ਗਣਨਾ (ਐਸਈਸੀਸੀ) ਦੇ ਅੰਕੜਿਆਂ ਹੇਠ ਪ੍ਰਸਤਾਵਿਤ 14.96 ਲੱਖ ਪਰਿਵਾਰਾਂ ਦੀ ਥਾਂ ਇਸ ਰਾਜ ਦੇ 61 ਲੱਖ ਪਰਿਵਾਰਾਂ ਵਿੱਚੋਂ 42 ਲੱਖ ਪਰਿਵਾਰਾਂ ਨੂੰ ਕੇਂਦਰੀ ਸਕੀਮ ਹੇਠ ਲਿਆਉਣ ਦਾ ਫ਼ੈਸਲਾ ਕੀਤਾ ਹੈ।

## ਨਵੀਂ ਤਕਨੀਕ ਰਾਹੀਂ ਸਭਿਆਚਰਾਕ ਪ੍ਰਦੂਸ਼ਣ ਹੋਇਆ ਨਵੇਂ ਦੌਰ ਵਿਚ ਦਾਖਿਲ : ਸੰਜੀਵਨ



ਪਿਛਲੇ ਪੰਦਰਾਂ-ਵੀਹਾਂ ਸਾਲਾਂ ਤੋਂ ਕੁੱਝ ਟੀ.ਵੀ. ਚੈਨਲਾਂ ਵੱਲੋਂ ਅਸ਼ਲੀਲਤਾ, ਹਿੰਸਕ ਗਤੀਵਿਧੀਆਂ ਅਤੇ ਨਸ਼ਿਆਂ ਨੂੰ ਪੰਜਾਬੀ ਗਾਇਕੀ, ਸੀਰੀਅਲਾਂ ਅਤੇ ਰੀਅਲਟੀ ਸ਼ੌਆਂ ਰਾਹੀਂ ਉਤਸ਼ਾਹਿਤ ਕਰਕੇ ਪੰਜਾਬ ਦੀਆਂ ਆਉਂਣ ਵਾਲੀਆ ਨਸਲਾਂ ਦਾ ਘਾਣ ਅਤੇ ਗੁੰਮਰਾਹ ਕਰਨ ਦੇ ਨਾਲ ਜ਼ਿਹਨੀ ਤੌਰ 'ਤੇ ਬਿਮਾਰ ਕਰਨ ਦੇ ਨਾਲ ਹੀ ਹੁਣ ਨੇਟਫਲਿਕਸ ਅਤੇ ਅਮੇਜਨ ਆਨ ਲਾਇਨ ਪਰਾਇਮ ਮੂਵੀ ਐਪ ਵਰਗੀ ਨਵੀਂ ਤਕਨੀਕ ਰਾਹੀਂ ਸਭਿਆਚਰਾਕ ਪ੍ਰਦੂਸ਼ਣ ਨਵੇਂ ਦੌਰ ਵਿਚ ਦਾਖਿਲ ਹੋ ਗਿਆ ਹੈ।

ਇਸ ਗੈਰ-ਮਨੁੱਖੀ ਵਰਤਾਰੇ ਪ੍ਰਤੀ ਫ਼ਿਕਰਮੰਦੀ ਜ਼ਾਹਿਰ ਕਰਦੇ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਕਿ ਇਸ ਨਵੀਂ ਤਕਨੀਕ ਰਾਹੀਂ ਅਸ਼ਲੀਲ ਅਤੇ ਗਾਲੀ-ਗਲੋਚ ਵਾਲੀ ਸਮਗਰੀ ਬਿਨਾਂ ਰੋਕ-ਟੋਕ ਪਰੋਸੀ ਜਾ ਰਹੀ ਹੈ। ਇਸ ਮਾਰੂ ਅਤੇ ਸਮਾਜਿਕ ਤਾਣੇ-ਬਾਣੇ ਨੂੰ ਉਲਝਾਉਣ ਵਾਲੇ ਵਰਤਾਰੇ ਨੂੰ ਠੱਲ ਪਾਉਂਣ ਲਈ ਨਾ ਕੋਈ ਕਾਨੂੰਨ ਹੈ ਤੇ ਨਾ ਹੀ ਡਿਜਿਟਲ ਕੰਟੇਂਟ ਨੂੰ ਸੈਂਸਰ ਕਰਨ ਲਈ ਕੋਈ ਸੰਸਥਾਂ ਹੀ ਹੈ। ਉਨਾਂ ਅੱਗੇ ਕਿਹਾ ਕਿ 1947 ਤੋਂ ਪਹਿਲਾਂ ਨੌਜਵਾਨਾਂ ਕੋਲ ਮਕਸਦ ਸੀ ਦੇਸ਼ ਨੂੰ ਅਜ਼ਾਦ ਕਰਵਾਉਣਾ, ਦੇਸ਼ ਦੀ ਅਜ਼ਾਦੀ ਤੋਂ ਬਾਅਦ ਉਦੇਸ਼ ਸੀ ਦੇਸ਼ ਦੀ ਤੱਰਕੀ। ਹੁਣ ਯੁਵਕ ਦਿਸ਼ਾਹੀਣ ਅਤੇ ਉਦੇਸ਼ ਰਹਿਤ ਹੈ। ਅਜਿਹੀ ਨੌਜਵਾਨੀ ਨੂੰ ਬਹੁਤ ਛੇਤੀ ਗੁੰਮਰਾਹ ਕੀਤਾ ਜਾ ਸਕਦਾ ਹੈ। ਗੁੰਮਰਾਹ ਕੀਤਾ ਜਾ ਸਕਦਾ ਨਹੀਂ ਬਲਿਕ ਇਨਸਾਨੀਅਤ ਸਮਾਜ ਅਤੇ ਦੇਸ਼ ਵਿਰੋਧੀ ਤਾਕਤਾਂ ਵੱਲੋਂ ਅਮੀਰ ਭਾਰਤੀ ਅਤੇ ਪੰਜਾਬੀ ਸਭਿਆਚਾਰ, ਵਿਰਸੇ ਅਤੇ ਭਾਸ਼ਾ 'ਤੇ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਹਮਲਾ ਕਰਕੇ ਗੁੰਮਰਾਹ ਕੀਤਾ ਜਾ ਰਿਹਾ ਹੈ।

## ਨਿਊ ਹੋਪ ਸੀਨੀਅਰ ਕਲੱਬ ਦਾ ਸਮਾਗਮ: ਬੁਢੇਪਾ ਪੈਨਸ਼ਨ ਬਾਰੇ ਅਹਿਮ ਜਾਣਕਾਰੀਆਂ



(ਪੂਰਨ ਸਿੰਘ ਪਾਂਧੀ) 'ਨਿਊ ਹੋਪ ਸੀਨੀਅਰ ਕਲੱਬ ਬ੍ਰਹਮਟਨ' ਦੀ ਹਰ ਮਹੀਨੇ ਦੇ ਦੂਜੇ ਬੁੱਧਵਾਰ ਗੋਰ ਮੀਡੋ ਕਮਿਊਨਿਟੀ ਸੈਂਟਰ ਬ੍ਰਹਮਟਨ ਸੈਂਟਰ ਵਿਚ 2 ਤੋਂ 5 ਵਜੇ ਤੱਕ ਮੀਟਿੰਗ ਹੁੰਦੀ ਹੈ; ਜਿਸ ਵਿਚ ਅਹਿਮ ਮੁੱਦੇ ਵਿਚਾਰੇ ਜਾਂਦੇ ਹਨ। ਇਸ ਵਾਰ 26 ਸਤੰਬਰ ਦੇ ਬੁੱਧਵਾਰ ਦੀ ਭਰਵੀਂ ਇਕੱਤਰਤਾ ਹੋਈ। ਇਸ ਇਕੱਤਰਤਾ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਦੋ ਸੌ ਦੇ ਕਰੀਬ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਹਾਜ਼ਰੀ ਏਨੀ ਵਧ ਗਈ ਕਿ ਕੁਰਸੀਆਂ ਵੀ ਥੁੜ ਗਈਆਂ ਤੇ ਹਾਲ ਵਿਚ ਥਾਂ ਵੀ ਥੁੜ ਗਈ। ਬਹੁਤਿਆਂ ਨੂੰ ਖੜ੍ਹੇ ਹੋਕੇ ਹਾਜ਼ਰੀ ਭਰਨੀ ਪਈ। ਇਸ ਸਮਾਗਮ ਵਿਚ ਸੀਨੀਅਰ ਕਲੱਬਾਂ ਦੇ ਮੁਖੀ, ਰਾਜਸੀ ਨੇਤਾ, ਲੇਖਕ ਤੇ ਪਤਵੰਤੇ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਸਭਾ ਦੇ ਪ੍ਰਧਾਨ ਸ੍ਰੀ ਸ਼ੰਭੂ ਦੱਤ ਸ਼ਰਮਾ ਤੇ ਉਸ ਦੇ ਸਹਿਯੋਗੀਆਂ ਵੱਲੋਂ ਸਰਬੱਤ ਲਈ ਚਾਹ ਪਾਣੀ ਤੇ ਹੋਰ ਪਦਾਰਥਾਂ ਨਾਲ਼ ਹਾਰਦਿਕ ਸੇਵਾ ਕੀਤੀ ਗਈ। ਪਤਵੰਤੇ ਸਜਣਾ ਦਾ ਸਪੈਸ਼ਲ ਸਨਮਾਨ ਕੀਤਾ ਗਿਆ। ਸਭਾ ਵੱਲੋਂ ਸਭ ਨੂੰ ਜੀ ਆਇਆਂ ਆਖਿਆ ਤੇ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ ਗਿਆ।

ਇਸ ਇਕੱਤਰਤਾ ਵਿਚ 'ਸਰਵਿਸ ਕਨੇਡਾ' ਵੱਲੋਂ ਸਿਟੀਜਨ ਸਰਵਿਸਜ ਸਪੈਸ਼ਲਿਸ਼ਟ ਕਮਿਉਨਿਟੀ ਸੁਪਰਵਾਈਜ਼ਰ ਸ੍ਰੀ ਮਤੀ ਜੈਕਲਿਨ ਨੇ ਸੁਆਲਾਂ ਦੇ ਜਬਾਬ ਦਿੱਤੇ ਅਤੇ ਕਨੇਡਾ ਸਰਕਾਰ ਵੱਲੋਂ ਬੁਢੇਪਾ ਪੈਨਸ਼ਨ ਤੇ ਹੋਰ ਵਿਤੀ ਸਹਾਇਤਾ ਬਾਰੇ ਹੇਠ ਲਿਖੇ ਅਨੁਸਾਰ ਅਹਿਮ ਜਾਣਕਾਰੀਆਂ ਦਿੱਤੀਆਂ:-

1. ਭਾਰਤ ਤੇ ਕਨੇਡਾ ਸਰਕਾਰਾਂ ਵਿਚ ਅਗਸਤ 2015 ਨੂੰ ਸਮਾਜਿਕ ਸਕਿਉਰਿਟੀ ਬਾਰੇ ਹੋਏ ਸਮਝੌਤੇ ਬਾਰੇ ਜਾਣਕਾਰੀ।
2. ਕਨੇਡਾ ਵਿਚ ਰੀਟਾਇਰਡ ਵਸਨੀਕਾਂ ਲਈ ਕਨੇਡਾ ਪੈਨਸ਼ਨ ਪਲੈਨ ਬਾਰੇ।
3. ਓਲਡ ਏਜ਼ ਸੁਕਿਓਰਿਟੀ ਪੈਨਸ਼ਨ ਬਾਰੇ।
4. ਜੀ. ਆਈ. ਐਸ ਸਪਲੀਮੈਂਟ (ਬੱਝਵਾਂ ਭੱਤਾ) ਬਾਰੇ ਜਾਣਕਾਰੀ।
5. 60 ਤੋਂ 64 ਸਾਲ ਦੀ ਉਮਰ ਵਿਚਕਾਰ ਵਿਤੀ ਸਹਾਇਤਾ ਕਦੋਂ ਤੇ ਕਿਵੇਂ ਮਿਲਣ ਬਾਰੇ ਜਾਣਕਾਰੀ।
6. ਸੇਵਾਮੁਕਤ ਹੋ ਕੇ ਕਨੇਡਾ ਵਸੇ ਅਪੰਗ ਪੁਰਸ਼ਾਂ ਨੂੰ ਡਿਸਏਬਿਲਟੀ ਸਹਾਇਤਾ ਲੈਣ ਬਾਰੇ।
7. ਕਨੇਡਾ ਵਿਚ ਇੰਟਰਨੈਸ਼ਨਲ ਵਸਨੀਕ ਆਪਣਾ ਇਨਸ਼ੋਰੈਂਸ ਨੰਬਰ ਦੱਸ ਕੇ 9-30 ਤੋਂ 4.30 ਸ਼ਾਮ ਤੱਕ 1-800-454-8731 ਨੰਬਰ 'ਤੇ ਹਰ ਕਿਸਮ ਦੀ ਜਾਣਕਾਰੀ ਲੈ ਸਕਦੇ ਹਨ।
8. ਕਨੇਡਾ ਤੇ ਭਾਰਤ ਦੇ ਸਮਾਜਕ ਸਮਝੌਤੇ ਅਨੁਸਾਰ 18 ਤੋਂ 25 ਸਾਲ ਦੇ ਬੱਚਿਆਂ ਲਈ ਸਕੂਲ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਲਈ ਸਹਾਇਤਾ ਲੈਣ ਬਾਰੇ ਜਾਣਕਾਰੀ।
9. ਕਿਸੇ ਵਿਅਕਤੀ ਦੀ ਮਿਰਤੂ ਪਿੱਛੋਂ ਪਰਵਾਰ ਦੀ ਸਹਾਇਤਾ ਬਾਰੇ।

## ਅੰਤਿਮ ਸੰਸਕਾਰ ਅਤੇ ਪਾਠ ਦਾ ਭੋਗ



ਸ. ਦਰਸ਼ਨ ਸਿੰਘ ਮਾਂਗਟ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਪਿਤਾ ਸ. ਦਰਸ਼ਨ ਸਿੰਘ ਮਾਂਗਟ ਜੀ ਮਿਤੀ 30 ਸਤੰਬਰ, 2018, ਦਿਨ ਐਤਵਾਰ ਨੂੰ ਸਾਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਅੰਤਿਮ ਸੰਸਕਾਰ ਮਿਤੀ 07 ਅਕਤੂਬਰ, 2018 ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੁਪਿਹਰ 1 ਵਜੇ ਤੱਕ ਬਰੈਪਟਨ ਕਰੀਮੀਏਸ਼ਨ ਸੈਂਟਰ, 30 ਬਰੈਮਵਿਨ ਕੋਰਟ, ਬਰੈਪਟਨ ਵਿਖੇ ਹੋਣਗੇ ਉਪਰੰਤ ਉਨ੍ਹਾਂ ਦੇ ਨਮਿਤ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਸ਼੍ਰੀ ਗੁਰੂ ਨਾਨਕ ਸਿੱਖ ਸੈਂਟਰ, 99 ਗਲੀਡਨ ਰੋਡ, ਬਰੈਂਪਟਨ ਦੁਪਿਹਰ 2 ਵਜੇ ਤੋਂ 4 ਵਜੇ ਤੱਕ ਹੋਣਗੇ।

ਗੁਰੂ ਦੇ ਭਾਣੇ ਵਿੱਚ:
ਦੇਵ ਮਾਂਗਟ 416.803.5333
ਜਸਬੀਰ ਭੱਟੀ 416.357.9473
ਅਵਤਾਰ ਮਾਂਗਟ 647.668.1400

## ਪਾਰਟੀ ਨੂੰ ਝਟਕੇ ਰੋਕਣ ਲਈ ਪੁਰਾਣੇ ਆਗੂਆਂ ਦੇ ਘਰ ਸੁਖਬੀਰ ਸਿੰਘ ਬਾਦਲ ਦਾ ਗੇੜਾ

ਲੁਧਿਆਣਾ, 3 ਅਕਤੂਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਤੇ ਅਕਾਲੀ ਨੇਤਾ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ੇ ਪਿੱਛੋਂ ਬਜ਼ੁਰਗ ਆਗੂਆਂ ਦੀ ਨਾਰਾਜ਼ਗੀ ਜ਼ਾਹਰ ਹੋਣ ਨੂੰ ਰੋਕਣ ਲਈ ਅਕਾਲੀ ਦਲ ਨੇ ਡੈਮੇਜ ਕੰਟਰੋਲ ਐਕਸਰਸਾਈਜ਼ ਸ਼ੁਰੂ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਅੱਜ ਬੁੱਧਵਾਰ ਨੂੰ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲੁਧਿਆਣਾ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਜਥੇਦਾਰ ਹਰਭਜਨ ਸਿੰਘ ਡੰਗ ਦੇ ਘਰ ਜਾ ਕੇ ਉਨ੍ਹਾਂ ਨਾਲ ਮੀਟਿੰਗ ਕੀਤੀ ਅਤੇ ਗਿਲੇ ਸ਼ਿਕਵੇ ਦੂਰ ਕੀਤੇ। ਇਸ ਦੌਰਾਨ ਉਨ੍ਹਾਂ ਨੇ ਤਾਜ਼ਾ ਸਥਿਤੀ 'ਤੇ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਬਗਾਵਤੀ ਸੁਰਾਂ ਰੋਕਣ ਦੀ ਕੋਸ਼ਿਸ਼ ਕੀਤੀ। ਜਦ ਸੁਖਬੀਰ ਸਿੰਘ ਬਾਦਲ ਤੋਂ ਡੈਮੇਜ ਕੰਟਰੋਲ ਲਈ ਟਕਸਾਲੀ ਆਗੂਆਂ ਦੇ ਘਰ ਜਾਣ ਬਾਰੇ ਪੁੱਛਿਆ ਤਾਂ ਉਹ ਬੋਲੇ ਕਿ ਸਾਰੇ ਬਜ਼ੁਰਗ ਆਗੂ ਉਨ੍ਹਾਂ ਦੇ ਪਿਤਾ ਸਮਾਨ ਹਨ ਤੇ ਉਹ ਉਨ੍ਹਾਂ ਦਾ ਸਤਿਕਾਰ ਕਰਦੇ ਹਨ। ਸਭ ਨੂੰ ਪਾਰਟੀ ਵਿੱਚ ਪੂਰਾ ਸਨਮਾਨ ਦਿੱਤਾ ਜਾ ਰਿਹਾ ਹੈ, ਇਸ ਵਿਚ ਡੈਮੇਜ ਕੰਟਰੋਲ ਦੀ ਕੋਈ ਗੱਲ ਨਹੀਂ।


## ਪਾਕਿਸਤਾਨ ਵਿੱਚ ਰੇੜ੍ਹੀ ਵਾਲੇ ਦੇ ਖਾਤੇ ਵਿੱਚ ਅਰਬਾਂ ਰੁਪਏ ਆਏ

ਕਰਾਚੀ, 3 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚ ਇੱਕ ਗਰੀਬ ਰੇੜ੍ਹੀ ਵਾਲੇ ਦੇ ਖਾਤੇ ਵਿਚ 2.25 ਅਰਬ ਰੁਪਏ ਦੀ ਭਾਰੀ ਰਕਮ ਦਾ ਪਤਾ ਲੱਗਣ ਪਿੱਛੋਂ ਉਹ ਜਾਂਚ ਏਜੰਸੀਆਂ ਦੇ ਨਿਸ਼ਾਨੇ ਉੱਤੇ ਆ ਗਿਆ ਹੈ।

ਮੀਡੀਆ ਰਿਪੋਰਟ ਅਨੁਸਾਰ ਇਹ ਰਕਮ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨਾਲ ਜੁੜੇ ਕਈ ਅਰਬਾਂ ਰੁਪਏ ਦੇ ਮਨੀ ਲਾਂਡਰਿੰਗ ਘਪਲੇ ਨਾਲ ਜੁੜੀ ਹੋਈ ਸੀ। ਕਰਾਚੀ ਵਿੱਚ ਔਰੰਗੀ ਸ਼ਹਿਰ ਦੇ ਰਹਿਣ ਵਾਲੇ ਅਬਦੁਲ ਕਾਦਿਰ ਨੂੰ ਪਤਾ ਲੱਗਾ ਕਿ ਉਸ ਦੇ ਬੈਂਕ ਖਾਤੇ ਵਿੱਚ 2.25 ਕਰੋੜ ਰੁਪਏ ਹਨ।













# 'ਨੈਸ਼ਨਲ ਸੀਨੀਅਰਜ਼ ਡੇਅ' 'ਤੇ ਸੋਨੀਆ ਸਿੱਧੂ ਵੱਲੋਂ ਸੀਨੀਅਰਜ਼ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਪ੍ਰਸ਼ੰਸਾ

ਬਰੈਂਪਟਨ: ਕੈਨੇਡਾ ਵਿਚ ਵੱਸ ਰਹੀਆਂ ਵੱਖ-ਵੱਖ ਕਮਿਊਨਿਟੀਆਂ ਦੀ ਬੇਹਤਰੀ ਲਈ ਸੀਨੀਅਰ ਸਿਟੀਜ਼ਨਾਂ ਵੱਲੋਂ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਨੂੰ ਕੈਨੇਡਾ ਸਰਕਾਰ ਪੂਰੀ ਤਰ੍ਹਾਂ ਮਾਨਤਾ ਦਿੰਦੀ ਹੈ। ਸਾਡੇ ਸੀਨੀਅਰਜ਼ ਘਰਾਂ, ਕੰਮਾਂ ਵਾਲੀਆਂ ਥਾਵਾਂ ਅਤੇ ਸਮੁੱਚੇ ਤੌਰ 'ਤੇ ਕਮਿਊਨਿਟੀ ਵਿਚ ਬਹੁਤ ਵਧੀਆ ਭੂਮਿਕਾ ਨਿਭਾਅ ਰਹੇ ਹਨ। ਉਨ੍ਹਾਂ ਦੇ ਵੱਡਮੁੱਲੇ ਯੋਗਦਾਨ ਨੂੰ ਯਾਦ ਕਰਨ ਲਈ ਹਰ ਸਾਲ ਪਹਿਲੀ ਅਕਤੂਬਰ ਦਾ ਦਿਨ ਸਰਕਾਰ ਵੱਲੋਂ 'ਨੈਸ਼ਨਲ ਸੀਨੀਅਰਜ਼ ਡੇਅ' ਵਜੋਂ ਮਨਾਇਆ ਜਾਂਦਾ ਹੈ। ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਇਹ ਦਿਨ ਸੀਨੀਅਰਾਂ ਦੀ ਕਮਿਊਨਿਟੀ ਨੂੰ ਮਹਾਨ ਦੇਣ ਅਤੇ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤੇ ਜਾ ਰਹੇ ਲਾਭਾਂ ਤੇ ਸਹੂਲਤਾਂ ਦੇ ਨਾਮ ਕੀਤਾ।



ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਸਿਆਂ ਉਨ੍ਹਾਂ ਕਿਹਾ,"ਪਿਛਲੇ ਕਈ ਸਾਲਾਂ ਤੋਂ ਸੀਨੀਅਰਜ਼ ਵੱਲੋਂ ਸਮਾਜ ਲਈ ਪਾਏ ਜਾ ਰਹੇ ਯੋਗਦਾਨ ਨੂੰ ਕੈਨੇਡਾ ਸਰਕਾਰ ਪੂਰੀ ਮਾਨਤਾ ਦੇ ਰਹੀ ਹੈ ਅਤੇ ਸਾਡੀ ਹਮੇਸ਼ਾ ਏਹੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੇ ਜੀਵਨ ਨੂੰ ਪੂਰੀ ਤਰ੍ਹਾਂ ਮਾਣ ਸਕਣ ਜਿਸ ਦੇ ਉਹ ਹੱਕਦਾਰ ਹਨ। ਸੀਨੀਅਰਜ਼ ਸਦਾ ਸਰਕਾਰ ਦੀ ਪ੍ਰਾਥਮਿਕਤਾ ਰਹੇ ਹਨ ਅਤੇ ਸਾਨੂੰ ਉਨ੍ਹਾਂ ਦੀ ਬੇਹਤਰੀ ਲਈ ਪ੍ਰੋਗਰਾਮ ਬਨਾਉਣ ਵਿਚ ਮਾਣ ਮਹਿਸੂਸ ਹੁੰਦਾ ਹੈ ਜਿਨ੍ਹਾਂ ਨਾਲ ਉਹ ਚੁਸਤ-ਦਰੁਸਤ ਰਹਿਣ ਅਤੇ ਕਮਿਊਨਿਟੀ ਵਿਚ ਵਧੀਆ ਢੰਗ ਨਾਲ ਵਿਚਰਦੇ ਰਹਿਣ।"

ਉਨ੍ਹਾਂ ਦੱਸਿਆ ਕਿ ਕੈਨੇਡਾ ਸਰਕਾਰ 'ਨਿਊ ਹੌਰਾਈਜ਼ਨਜ਼ ਫ਼ਾਰ ਸੀਨੀਅਰਜ਼ ਪ੍ਰੋਗਰਾਮ' (ਐੱਨ.ਐੱਚ.ਐੱਸ.ਪੀ.) ਅਧੀਨ ਸੀਨੀਅਰਾਂ ਦੀ ਆਮਦਨ ਦੀ ਸੁਰੱਖਿਆ ਤੇ ਸਿਹਤ ਨੂੰ ਯਕੀਨੀ ਬਨਾਉਣ ਅਤੇ ਉਨ੍ਹਾਂ ਲਈ ਯਥਾ-ਯੋਗ ਘਰਾਂ ਦੀ ਵਿਵਸਥਾ ਲਈ ਪੂੰਜੀ ਨਿਵੇਸ਼ ਕਰ ਰਹੀ ਹੈ ਤਾਂ ਜੋ ਉਹ ਸਮਾਜ ਦੀ ਬੇਹਤਰੀ ਲਈ ਆਪਣਾ ਯੋਗਦਾਨ ਲਗਾਤਾਰ ਪਾਉਂਦੇ ਰਹਿਣ। ਇਹ ਪ੍ਰੋਗਰਾਮ ਸੀਨੀਅਰਾਂ ਦੀ ਵੱਧਦੀ ਉਮਰ ਦੇ ਨਾਲ ਉਨ੍ਹਾਂ ਨੂੰ ਵਾਲੰਟੀਅਰ ਕੰਮ ਕਰਨ ਲਈ ਸਹਾਈ ਹੁੰਦਾ ਹੈ ਅਤੇ ਉਨ੍ਹਾਂ ਨੂੰ ਸਮਾਜ ਵਿਚ ਹੋਰ ਵਧੀਆ ਯੋਗਦਾਨ ਪਾਉਣ ਦੀ ਪ੍ਰੇਰਨਾ ਦਿੰਦਾ ਹੈ। ਇਹ ਹਰਮਨ-ਪਿਆਰਾ ਪ੍ਰੋਗਰਾਮ ਸੀਨੀਅਰਾਂ ਦੀ ਭਲਾਈ ਵੱਲ ਕੇਂਦ੍ਰਿਤ ਹੈ ਅਤੇ ਇਸ ਦੇ ਨਾਲ ਉਹ ਆਪਣੇ ਗਿਆਨ, ਕੰਮ ਕਰਨ ਦੇ ਸਕਿੱਲਜ਼ ਅਤੇ ਤਜਰਬੇ ਨੂੰ ਦੂਸਰਿਆਂ ਨਾਲ ਸਾਂਝਾਂ ਕਰਕੇ ਸਮਾਜ ਵਿਚ ਆਪਣੀ ਸਾਰਥਿਕ ਭੂਮਿਕਾ ਨਿਭਾਅ ਸਕਦੇ ਹਨ। ਇਸ ਪ੍ਰੋਗਰਾਮ ਤਹਿਤ ਉਨ੍ਹਾਂ ਸੰਸਥਾਵਾਂ ਨੂੰ ਫ਼ੰਡ ਮੁਹੱਈਆ ਕੀਤੇ ਜਾਂਦੇ ਹਨ ਜੋ ਸੀਨੀਅਰਾਂ ਨੂੰ ਜੀਵਨ ਵਿਚ ਐਕਟਿਵ ਰਹਿ ਕੇ ਕਮਿਊਨਿਟੀ ਲਈ ਉਸਾਰੂ ਕੰਮ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ।

# ਤਰਕਸ਼ੀਲ ਸੁਸਾਇਟੀ ਦੀ 'ਵਾਕ ਐਂਡ ਰਨ ਫਾਰ ਐਜੂਕੇਸ਼ਨ' ਨੂੰ ਭਰਵਾਂ ਹੁੰਗਾਰਾ

(ਹਰਜੀਤ ਬੇਦੀ): ਨਾਰਥ ਅਮੇਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਸ਼ਹੀਦ ਭਗਤ ਸਿੰਘ ਅਤੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ " ਵਾਅਕ ਐਂਡ ਰਨ ਫਾਰ ਐਜੂਕੇਸ਼ਨ" ਦਾ ਆਯੋਜਨ 30 ਸਤੰਬਰ 2018 ਨੂੰ ਬਰੈਂਪਟਨ ਦੇ ਚਿੰਕੂਜੀ ਪਾਰਕ ਵਿੱਚ ਕੀਤਾ ਗਿਆ। ਇਹ " ਵਾਅਕ ਐਂਡ ਰਨ " ਤਰਕਸ਼ੀਲ ਸੁਸਾਇਟੀ ਦਾ ਪਲੇਠਾ ਉਪਰਾਲਾ ਸੀ ਜਿਸਨੂੰ ਲੋਕਾਂ ਵਲੋਂ ਭਰਪੂਰ ਸਮਰਥਨ ਮਿਲਿਆ। ਪਹਿਲੀ ਵਾਰ ਕਰਵਾਏ ਇਸ ਈਵੈਂਟ ਵਿੱਚ ਤਕਰੀਬਨ 200 ਵਾਅਕਰਾਂ ਅਤੇ ਦੌੜਾਕਾਂ ਨੇ ਭਾਗ ਲਿਆ। ਇਹ ਈਵੈਂਟ ਠੀਕ ਸਮੇਂ ਤੇ ਡਸਿਪਲਨ ਢੰਗ ਨਾਲ ਸ਼ੁਰੂ ਹੋਇਆ। ਸਾਰੇ ਪਾਰਟੀਸਿਪੈਂਟਸ ਨੇ ਸੁਸਾਇਟੀ ਦਾ ਲੋਗੋ ਮਾਰਕ ਕੀਤੀਆਂ ਹੋਈਆਂ ਟੀ-ਸ਼ਰਟਸ ਪਹਿਣੀਆਂ ਹੋਈਆਂ ਸਨ। ਪੰਜ ਸਾਲ ਦੇ ਬੱਚਿਆਂ ਤੋਂ ਲੈਕੇ 90 ਸਾਲ ਤੋਂ ਵੱਧ ਉਮਰ ਦੇ ਲੋਕ ਇਸ ਵਿੱਚ ਸ਼ਾਮਲ ਹੋਏ।






11 ਕਿ:ਮੀ: ਦੀ ਈਵੈਂਟ ਨੂੰ ਚਿੰਕੂਜੀ ਪਾਰਕ ਤੋਂ ਬਲਦੇਵ ਰਹਿਪਾ ਅਤੇ 5 ਕਿ: ਮੀ: ਨੂੰ ਡਾ: ਬਲਜਿੰਦਰ ਸੇਖੋਂ ਨੇ ਏਅਰਪੋਰਟ ਅਤੇ ਕੌਟਰੇਲ ਦੀ ਨੁੱਕਰ ਵਾਲੇ ਪਲਾਜ਼ੇ ਤੋਂ ਸ਼ੁਰੂ ਕਰਵ-ਾਇਆ। ਉਨ੍ਹਾ ਨਾਲ ਨਿਰਮਲ ਸੰਧੂ, ਨਛੱਤਰ ਬਦੇਸ਼ਾ ਅਤੇ ਐਗਜੈਕਟਿਵ ਕਮੇਟੀ ਮੈਂਬਰ ਹਾਜ਼ਰ ਸਨ। ਬਲਦੇਵ ਰਹਿਪਾ ਨੇ ਇਸ ਸਮੇਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਚੰਗੇਰੇ ਰਾਜ ਪਰਬੰਧ ਦੀ ਸਿਰਜਣਾ ਲਈ ਆਪਣੀ ਜਾਨ ਵਾਰ ਦਿੱਤੀ ਅਤੇ ਭਾਅਜੀ ਗੁਰਸ਼ਰਨ ਸਿੰਘ ਨੇ ਵਧੀਆ ਸਮਾਜ ਉਸਾਰਨ ਵਾਸਤੇ ਲੋਕਾਂ ਨੂੰ ਜਾਗਰਤ ਕਰਨ ਲਈ ਸਾਰੀ ਜਿੰਦਗੀ ਲਾ ਦਿੱਤੀ। ਉਹਨਾਂ ਦੀ ਯਾਦ ਨੂੰ ਸਮਰਪਿਤ ਇਹ ਈਵੈਂਟ ਕਰਵਾਉਣ ਲਈ ਸੁਸਾਇਟੀ ਦਾ ਉਦੇਸ਼ ਵੀ ਵਧੀਆ ਸਮਾਜ ਦੀ ਉਸਾਰੀ ਕਰਨਾ ਹੈ। ਜੇ ਸਮਾਜ ਨੂੰ ਸੁਧਾਰਨਾ ਹੈ ਤਾਂ ਤੰਦਰੁਸਤ ਸਰੀਰਾਂ ਅਤੇ ਦਿਮਾਗਾਂ ਵਾਲੇ ਲੋਕਾਂ ਦੀ ਜਰੂਰਤ ਹੈ। ਇਸ ਈਵੈਂਟ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਪ੍ਰਿੰ: ਸਰਵਣ ਸਿੰਘ, ਟਰਾਂਟੋ ਵੈਟਰਨ ਗੋਲਡ ਮੈਡਲਿਸਟ ਵਤਨ ਸਿੰਘ,ਮੈਰਾਥੋਰੀਅਨ ਧਿਆਨ ਸਿੰਘ ਸੋਹਲ, ਵਕੀਲ ਪਰਮਜੀਤ ਗਿੱਲ, ਬਲਜਿੰਦਰ ਲੇਲਣਾ, ਸੰਧੂਰਾ ਸਿੰਘ ਬਰਾੜ, ਜੋਗਿੰਦਰ ਪੱਡਾ, ਇੰਦਰਜੀਤ ਗਰੇਵਾਲ ਅਤੇ ਹੋਰ ਬਹੁਤ ਸਾਰੀਆਂ ਪਰਮੁੱਖ ਸਖਸ਼ੀਅਤਾਂ ਸਨ। ਸੰਧੂਰਾ ਸਿੰਘ ਬਰਾੜ ਦੀ ਸਮੁਚੀ ਏਅਰਪੋਰਟ ਰੱਨਰਜ਼ ਕਲੱਬ ਦੇ ਮੈਂਬਰਾਂ ਨੇ ਈਵੈਂਟ ਵਿੱਚ ਹਿੱਸਾ ਲੈਣ,ਪਰਬੰਧ ਕਰਨ ਅਤੇ ਹੋਰ ਹਰ ਤਰ੍ਹਾਂ ਦਾ ਯੋਗਦਾਨ ਦਿੱਤਾ। ਇਸੇ ਤਰ੍ਹਾਂ ਪਰਮਜੀਤ ਸਿੰਘ ਅਤੇ ਹਰਦੇਵ ਸਮਰਾ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਪਿੰ:ਸੰਜੀਵ ਧਵਨ ਦੀ ਅਗਵਾਈ ਵਿੱਚ ਸਕੂਲ ਦੇ ਬੱਚਿਆਂ ਨੇ ਵਿਸ਼ੇਸ਼ ਰੁਚੀ ਦਿਖਾਈ।ਇਹਨਾਂ ਤੋਂ ਬਿਨਾਂ ਬਹੁਤ ਸਾਰੇ ਸਕੂਲੀ ਵਿਦਿਆਰਥੀਆਂ, ਇੰਡੀਆ ਤੋਂ ਆਏ ਸਟੂਡੈਂਟਾਂ ਨੇ ਭਾਗ ਲਿਆ। ਛੋਟੀ ਉਮਰ ਦੇ ਬੱਚਿਆਂ ਤੋਂ ਵਡੇਰੀ ਉਮਰ ਦੇ ਬਜੁਰਗਾਂ ਨੂੰ ਡਸਿਪਲਨਡ ਤਰੀਕੇ ਨਾਲ ਵਾਅਕ ਕਰਦੇ ਅਤੇ ਦੌੜ ਲਾਉਂਦੇ ਦੇਖਕੇ ਕਮਿਊਨਿਟੀ ਦੇ ਲੋਕ ਬਹੁਤ ਪ੍ਰਭਾਵਿਤ ਹੋਏ। ਅਤੇ ਉਹਨਾਂ ਨੇ ਦੌੜਾਕਾਂ ਦੀ ਤਾੜੀਆਂ ਮਾਰ ਕੇ ਪੂਰੀ ਹੌਸਲਾ ਅਫਜਾਈ ਕੀਤੀ।

ਇਸ ਈਵੈਂਟ ਲਈ ਪਾਲ ਬੈਂਸ ਨੇ ਵਿਸੇਸ਼ ਯੋਗਦਾਨ ਤੋਂ ਬਿਨਾਂ ਸੋਢੀ ਕੰਗ, ਅਮਨਪ੍ਰੀਤ ਮੰਡੇਰ, ਸੇਖੋਂ,ਪਾਸੀ ਪਰਿਵਾਰ,ਪ੍ਰੀਤ ਢੀਂਡਸਾ ਅਤੇ ਘੁੰਮਣ ਪਰਵਾਰਾਂ ਨੇ ਆਪਣਾ ਬਣਦਾ ਯੋਗਦਾਨ ਪਾਇਆ। ਇਸ ਮੌਕੇ ਤੇ ਧਰਮਪਾਲ ਸੰਧੂ ਵਲੋਂ ਡਰੱਗਸ ( ਨਸ਼ਿਆਂ)ਦਾ ਮਨੁੱਖ ਦੀ ਸਰੀਰਕ ਅਤੇ ਮਾਨਸਿਕ ਸਿਹਤ ਤ ਮਾਰੂ ਪ੍ਰਭਾਵਤੋਂ ਸੁਚੇਤ ਕਰਨ ਲਈ ਅਤੇ ਗਗਨ ਨੇ ਸੂਗਰ ਰੋਗ ਤੋਂ ਬਚਣ ਲਈ ਸਟਾਲ ਲਾ ਕੇ ਲਿਟਰੇਚਰ ਵੰਡਿਆ ਅਤੇ ਹੋਰ ਵੱਡਮੁਲੀ ਜਾਣਕਾਰੀ ਦਿੱਤੀ। ਤਰਕਸ਼ੀਲ ਸੁਸਾਇਟੀ ਵਲੋਂ ਸਾਰੇ ਵਾਲੰਟੀਅਰਾਂ, ਸਪਾਂਸਰਾਂ ਅਤੇ ਪਾਰਟੀਸੀਪੈਂਟਸ ਅਤੇ ਸਮਰਥਕਾਂ ਦਾ ਧੰਨਵਾਦ ਕੀਤਾ ਗਿਆ ਜਿਹਨਾਂ ਦੇ ਸਮੂਹਕ ਯਤਨਾਂ ਨਾਲ ਇਹ ਈਵੈਂਟ ਪੂਰੀ ਤਰ੍ਹਾਂ ਸਫਲ ਰਿਹਾ। ਇਹ ਈਵੈਂਟ ਹਰ ਸਾਲ ਸਤੰਬਰ ਮਹੀਨੇ ਵਿੱਚ ਕਰਵਾਇਆ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਮਾਨਸਿਕ ਉਲਝਣ ਤੋਂ ਬਚਣ, ਵਹਿਮਾਂ ਭਰਮਾਂ ਤੋਂ ਛੁਟਕਾਰਾ ਪ੍ਰਾਪਤ ਕਰਨ, ਤਰਕਸ਼ੀਲ ਸਾਹਿਤ ਪ੍ਰਾਪਤ ਕਰਨ ਜਾਂ ਸੁਸਾਇਟੀ ਸਬੰਧੀ ਕਿਸੇ ਵੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202, ਨਿਰਮਲ ਸੰਧੂ 416-835-3450, ਡਾ: ਬਲਜਿੰਦਰ ਸੇਖੋਂ 905-781-1197 ਜਾਂ ਨਛੱਤਰ ਬਦੇਸ਼ਾ 647-267-3397 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਿਮਾਰੀ ਕਾਰਨ ਕਮਜ਼ੋਰ ਹੋ ਗਿਆ ਮੁਸ਼ੱਰਫ, ਅਜੇ ਦੇਸ਼ ਨਹੀਂ ਮੁੜ ਸਕਦਾ

ਇਸਲਾਮਾਬਾਦ, 3 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਦੀ ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ ਕਿਹਾ ਹੈ ਕਿ ਕਿਸੇ ਨਵੀਂ ਬਿਮਾਰੀ ਕਾਰਨ ਮੁਸ਼ੱਰਫ ਤੇਜ਼ੀ ਨਾਲ ਕਮਜ਼ੋਰ ਹੁੰਦੇ ਜਾ ਰਹੇ ਹਨ ਅਤੇ ਦੇਸ਼ ਧਰੋਹ ਦੇ ਕੇਸ ਨੂੰ ਭੁਗਤਣ ਲਈ ਦੇਸ਼ ਵਾਪਸ ਨਹੀਂ ਆ ਸਕਦੇ।

ਸਾਲ 2016 ਤੋਂ ਦੁਬਈ ਵਿੱਚ ਰਹਿ ਰਹੇ ਜਨਰਲ ਮੁਸ਼ੱਰਫ (75) ਸਾਲ 2007 ਵਿੱਚ ਸੰਵਿਧਾਨ ਨੂੰ ਰੱਦ ਕਰਨ ਬਾਰੇ ਦੇਸ਼ ਧਰੋਹ ਦੇ ਕੇਸ ਦਾ ਸਾਹਮਣਾ ਕਰ ਰਹੇ ਹਨ। ਸਾਲ 2010 ਵਿੱਚ ਮੁਸ਼ੱਰਫ ਵੱਲੋਂ ਬਣਾਈ ਆਲ ਪਾਕਿਸਤਾਨ ਮੁਸਲਿਮ ਲੀਗ (ਏ ਪੀ ਐੱਮ ਐੱਲ) ਦੇ ਸਾਬਕਾ ਮੁਖੀ ਮੁਹੰਮਦ ਅਮਜ਼ਦ ਨੇ ਦੱਸਿਆ ਕਿ ਨਵੀਂ ਬਿਮਾਰੀ ਕਾਰਨ ਸਾਬਕਾ ਰਾਸ਼ਟਰਪਤੀ ਨੂੰ ਹਰ ਤਿੰਨ ਮਹੀਨੇ 'ਤੇ ਇਲਾਜ ਦੇ ਲਈ ਲੰਡਨ ਜਾਣਾ ਪੈਂਦਾ ਹੈ।

# ਵਰਲਡ ਸਿੱਖ ਪਾਰਲੀਮੈਂਟ ਨੇ ਕੰਮਕਾਜ ਦੀ ਕੀਤੀ ਸ਼ੁਰੂਆਤ

## ਪਹਿਲਾ ਇਤਿਹਾਸਕ ਉਦਘਾਟਨੀ ਸੈਸ਼ਨ ਪੈਰਿਸ ਵਿੱਚ ਹੋਇਆ ਸੰਪੰਨ



ਕੈਲੀਫੋਰਨੀਆ ( ਹੁਸਨ ਲੜੋਆ ਬੰਗਾ): ਵਰਲਡ ਸਿੱਖ ਪਾਰਲੀਮੈਂਟ ਦਾ ਪਹਿਲਾ ਉਦਘਾਟਨੀ ਪੈਰਿਸ ਇਜਲਾਸ ਦੌਰਾਨ ਦੁਨੀਆਂ ਦੇ ਪੰਜ ਖਿੱਤਿਆਂ ਦੇ ਵੱਖ ਵੱਖ ਦੇਸ਼ਾਂ ਜਿਨ੍ਹਾਂ ਵਿੱਚ ਯੂ ਐਸ ਏ, ਇੰਗਲੈਂਡ, ਕਨੇਡਾ, ਫਰਾਂਸ, ਸਪੇਨ, ਹਾਲੈਂਡ, ਜਰਮਨੀ, ਨਿਊਜ਼ੀਲੈਂਡ, ਆਸਟਰੇਲੀਆਂ ਆਦਿ ਦੇਸ਼ਾਂ ਤੋਂ ਨਾਮਜ਼ਦ ਡੈਲੀਗੇਟਾਂ ਨੇ ਹਿੱਸਾ ਲਿਆ ।24 ਘੰਟੇ ਚੱਲੇ ਇਜਲਾਸ ਦੀ ਸ਼ੁਰੂਆਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਪੰਜ ਪ੍ਰਧਾਨੀ ਪ੍ਰਥਾ ਤਹਿਤ ਪੰਜ ਸਿੰਘਾਂ ਦੀ ਅਗਵਾਈ ਵਿੱਚ ਹੋਈ । ਭਾਰਤ ਤੋਂ ਐਡਵੋਕੇਟ ਅਮਰ ਸਿੰਘ ਚਾਹਲ ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਧਰਮ ਪਿਤਾ ਗੁਰਚਰਨ ਸਿੰਘ ਅਤੇ ਯੂ. ਕੇ. ਤੋਂ ਭਾਈ ਗੁਰਨਾਮ ਸਿੰਘ ਸਪੈਸ਼ਲ ਆਬਜ਼ਰਵਰ ਦੇ ਰੂਪ ਵਿੱਚ ਸ਼ਾਮਲ ਹੋਏ । ਇਸ ਤੋਂ ਇਲਾਵਾ ਦੇਸ਼ਾਂ ਤੇ ਵਿਦੇਸ਼ਾਂ ਤੋਂ ਹੋਰ ਵੀ ਆਬਜ਼ਰਵਰ ਮੌਜੂਦ ਸਨ ।ਇਸ ਮੌਕੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਪਾਰਲੀਮੈਂਟ ਮੈਬਰਾਂ ਨੂੰ ਭੇਜਿਆ ਹੋਇਆ ਸੰਦੇਸ਼ ਬਾਪੂ ਗੁਰਚਰਨ ਸਿੰਘ ਵੱਲੋਂ ਪੜ੍ਹਿਆ ਗਿਆ ਜਿਸ ਵਿੱਚ ਜਥੇਦਾਰ ਸਾਹਿਬ ਨੇ ਛੋਟੀਆਂ ਛੋਟੀਆਂ ਪੁਲਾਂਘਾ ਪੁਟਦਿਆਂ ਆਪਣੀ ਮੰਜ਼ਲ ਵਲ ਮਜ਼ਬੂਤੀ ਨਾਲ ਵਧਣ ਦੀ ਪ੍ਰੇਰਨਾ ਕੀਤੀ । ਵਰਲਡ ਸਿੱਖ ਪਾਰਲੀਮੈਂਟ ਦੇ ਇਜਲਾਸ ਵਿੱਚ ਢਾਂਚੇ ਨੂੰ ਇੱਕ ਲੰਬੀ ਵਿਚਾਰ ਤੋਂ ਬਾਅਦ ਪ੍ਰਵਾਨ ਕੀਤਾ ਗਿਆ । ਇਸ ਤੋਂ ਇਲਾਵਾ ਸੁਪਰੀਮ ਐਗਜ਼ੈਕਟਿਵ ਕੌਂਸਲ ਦੇ ਵਿਦੇਸ਼ਾਂ ਵਿਚਲੇ ਨੁੰਮਾਇੰਦਿਆਂ ਦਾ ਐਲਾਨ ਵੀ ਕੀਤਾ ਗਿਆ ਜੋ ਕਿ ਅਲੱਗ ਅਲੱਗ ਦੇਸ਼ਾਂ ਤੋਂ ਹਨ । ਪਾਰਲੀਮੈਂਟ ਅਧੀਨ ਵੱਖ ਵੱਖ ਮੁੱਦਿਆਂ ਨਾਲ ਸਬੰਧਤ 10 ਕੌਂਸਲਾ ਦੇ ਮੈਂਬਰਾਂ ਦੀ ਵੀ ਨਿਯੁਕਤੀ ਕੀਤੀ ਗਈ ।



ਪਾਰਲੀਮੈਂਟ ਦੇ ਸਲਾਹਕਾਰ ਬੋਰਡ ਦਾ ਭਵਿੱਖ ਵਿੱਚ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਜਿਨ੍ਹਾਂ ਵਿੱਚ ਵੱਖ ਵਿਸ਼ਿਆਂ ਦੇ ਮਾਹਰ ਗੁਰਸਿੱਖ ਪਾਰਲੀਮੈਂਟ ਦਾ ਕੰਮਕਾਜ ਚਲਾਉਣ ਲਈ ਆਪਣੇ ਵਿਚਾਰ ਦੇ ਸਕਣਗੇ ।ਪੰਜਾਬ ਅੰਦਰ ਵਰਲਡ ਸਿੱਖ ਪਾਰਲੀਮੈਂਟ ਦੇ ਮੈਬਰਾਂ ਦੀ ਨਿਯੁਕਤੀ ਲਈ ਹੋਰ ਹੰਭਲਾ ਮਾਰਨ ਦਾ ਵੀ ਪ੍ਰਣ ਕੀਤਾ ਗਿਆ।

ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਵੱਲੋਂ ਪੰਥਕ ਮੁੱਦਿਆਂ ਦੇ ਵਿਚਾਰਾਂ ਤੋਂ ਬਾਅਦ ਵੱਖ ਵੱਖ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ । ਸਿੱਖਾਂ ਨੂੰ ਸਵੈ ਨਿਰਣੇ ਦੇ ਹੱਕ ਵਿੱਚ, ਭਾਰਤ ਸਰਕਾਰ ਵੱਲੋਂ ਸਿੱਖਾਂ ਦੀ ਨਸਲਕੁਸ਼ੀ ਬਾਬਤ, ਹਿੰਦੁਤਵੀ ਫਾਸ਼ੀਵਾਦ ਦੇ ਵਿਰੁੱਧ, ਅਤੇ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਮਤੇ ਵੀ ਇਜਲਾਸ ਵਿੱਚ ਪਾਸ ਕੀਤੇ ਗਏ ।ਐਤਵਾਰ ਨੂੰ ਪੈਰਿਸ ਦੇ ਗੁਰਦੁਆਰਾ ਸਾਹਿਬ ਬੋਬੀਨੀ ਵਿੱਚ ਦੀਵਾਨ ਸਜਿਆ ਜਿਸ ਵਿੱਚ ਦੇਸ਼ ਵਿਦੇਸ਼ ਤੋਂ ਬੁਲਾਰਿਆਂ ਨੇ ਪੰਥਕ ਮਸਲਿਆਂ ਉੱਤੇ ਵਿਚਾਰ ਪੇਸ਼ ਕੀਤੇ । ਇਸ ਮੌਕੇ ਪੰਜਾਬ ਤੋਂ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਭੇਜਿਆ ਗਿਆ ਸੁਨੇਹਾ ਵੀ ਪੜ੍ਹਿਆ ਗਿਆ । ਸਵੈ ਨਿਰਣੇ ਦੇ ਹੱਕ ਸਬੰਧੀ ਵੀ ਮਤੇ ਸੰਗਤਾਂ ਸਨਮੁਖ ਪ੍ਰਵਾਨਗੀ ਲਈ ਰੱਖੇ ਗਏ । ਪੰਜ ਖਿੱਤਿਆ ਤੋਂ ਆਏ ਬੁਲਾਰਿਆ ਨੇ ਆਪਣੇ ਵਿਚਾਰ ਸੰਗਤਾਂ ਅੱਗੇ ਰੱਖੇ । ਸੰਗਤਾਂ ਦੀ ਪ੍ਰਵਾਨਗੀ ਲਈ ਹੇਠ ਲਿਖੇ ਮਤੇ ਪੜ੍ਹੇ ਗਏ ਜਿਨ੍ਹਾਂ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕੀਤਾ।

ਮਤਾ ਨੰਬਰ ਇੱਕ:ਵਰਲਡ ਸਿੱਖ ਪਾਰਲੀਮੈਂਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਬਰਗਾੜੀ, ਬਹਿਬਲਕਲਾਂ ਤੇ ਕੋਟਕਪੂਰੇ ਵਿੱਚ ਸ਼ਾਂਤਮਈ ਰੋਸ ਕਰ ਰਹੀਆਂ ਸੰਗਤਾਂ ਉੱਤੇ ਗੋਲੀ ਚਲਾ ਕੇ ਸ਼ਹੀਦ ਕੀਤੇ ਸਿੰਘਾਂ ਦਾ ਇਨਸਾਫ ਸਰਕਾਰ ਤੋਂ ਲੈਣ ਦੀ ਬਜਾਏ ਖਾਲਸਾ ਪੰਥ ਇੱਕ ਨਿਸ਼ਾਨ ਸਾਹਿਬ ਥੱਲੇ ਇਕੱਤਰ ਹੋ ਕੇ ਖਾਲਸਈ ਰਵਾਇਤਾਂ ਅਨੁਸਾਰ ਆਪਣੇ ਹੱਕ ਲੈਣ ਲਈ ਠੋਸ ਪ੍ਰੋਗਰਾਮ ਉਲੀਕੇ । ਵਰਲਡ ਸਿੱਖ ਪਾਰਲੀਮੈਂਟ ਦੇਸ਼ਾਂ ਵਿਦੇਸ਼ਾਂ ਵਿੱਚ ਇੱਕ ਮੁਹਿੰਮ ਚਲਾਏਗੀ ਤਾਂ ਕਿ ਬੇਅਦਬੀ ਅਤੇ ਸ਼ਹੀਦਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾ ਸਕੇ ।

ਮਤਾ ਨੰਬਰ ਦੋ:ਵਰਲਡ ਸਿੱਖ ਪਾਰਲੀਮੈਂਟ ਦੇਸ਼ ਵਿਦੇਸ਼ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਤੇ ਆਮ ਸੰਗਤਾਂ ਨੂੰ ਬੇਨਤੀ ਕਰਦੀ ਹੈ ਕਿ ਉਹ ਗੁਰੂ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਗੁਰੂ ਘਰਾਂ ਵਿੱਚ ਸੁਰੱਖਿਆ ਦੇ ਮਜ਼ਬੂਤ ਪ੍ਰਬੰਧ ਕਰਨ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਬੇਅਦਬੀਆਂ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ । ਸਾਡੀ ਬੇਨਤੀ ਹੈ ਕਿ ਜਦੋਂ ਨਵੇਂ ਸਰੂਪ ਸੰਗਤਾਂ ਜਾਂ ਗੁਰਦੁਆਰਿਆ ਨੂੰ ਦਿੱਤੇ ਜਾਣ ਤਾਂ ਉਹਨਾਂ ਦਾ ਇੱਕ ਲਿਖਤੀ ਰਿਕਾਰਡ ਬਣਾਇਆ ਜਾਵੇ ।

ਮਤਾ ਨੰਬਰ ਤਿੰਨ:ਸਿੰਘ ਸਾਹਿਬ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਅਦਬੀਆਂ ਦੀਆ ਘਟਨਾਵਾਂ ਤੇ ਤਿੰਨ ਸਾਲ ਹੋਣ ਤੇ ਸਾਰੀ ਦੁਨੀਆਂ ਦੀਆਂ ਗੁਰਦੁਆਰਾ ਕਮੇਟੀਆਂ ਨੂੰ ਸਹਿਜ ਪਾਠ ਜਾਂ ਅਖੰਡ ਪਾਠ ਸ਼ੁਰੂ ਕੀਤੇ ਜਾਣ ਜਿਨ੍ਹਾਂ ਦੇ ਭੋਗ 11 ਅਕਤੂਬਰ ਨੂੰ ਪਾ ਕੇ ਸਾਰੀ ਮਨੁੱਖਤਾ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਜਾਵੇ ।

ਮਤਾ ਨੰਬਰ ਚਾਰ: ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਤੇ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾਂ ਖੋਲਣ ਦੀ ਦਿਖਾਈ ਫਰਾਖ ਦਿਲੀ ਦੀ ਸ਼ਲਾਘਾ ਕਰਦੀ ਹੈ । ਸਿੱਖ ਰੋਜ਼ਾਨਾ 'ਸਿੱਖਾਂ ਨਾਲੋਂ ਵਿਛੋੜੇ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ' ਲਈ ਗੁਰੂ ਸਾਹਿਬ ਅੱਗੇ ਅਰਦਾਸ ਕਰਦੇ ਹਨ । ਭਾਰਤ ਸਰਕਾਰ ਵੱਲੋਂ ਲਾਂਘੇ ਦਾ ਵਿਰੋਧ ਕਰਨਾ ਸਿੱਖਾਂ ਦੀ ਅਰਦਾਸ ਦੇ ਵਿਰੋਧ ਵਿੱਚ ਖੜ੍ਹਨਾ ਹੈ । ਅਕਾਲੀ ਦਲ ਬਾਦਲ ਵੱਲੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਵਿਰੋਧ ਕਰਨ ਦੀ ਵਰਲਡ ਸਿੱਖ ਪਾਰਲੀਮੈਂਟ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।

ਮਤਾ ਨੰਬਰ ਪੰਜ: ਵਰਲਡ ਸਿਖ ਪਾਰਲੀਮੈਂਟ ਜੇਲ੍ਹਾਂ ਵਿੱਚ ਲੰਮੇ ਸਮੇਂ ਤੋਂ ਬੰਦ ਰਾਜਸੀ ਸਿੱਖ ਕੈਦੀਆਂ ਦੀ ਰਿਹਾਈ ਲਈ ਉਪਰਾਲੇ ਕਰਨ ਦੀ ਪੁਰਜ਼ੋਰ ਬੇਨਤੀ ਕਰਦੀ ਹੈ । ਬੰਦੀ ਸਿੰਘਾਂ ਦੀ ਰਿਹਾਈ ਤੇ ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਮੁੜ ਵਸੇਬੇ ਬਾਰੇ ਉੱਦਮ ਉਪਰਾਲੇ ਕਰ ਰਹੀਆਂ ਸੰਸਥਾਵਾਂ ਦਾ ਸਿੱਖ ਕੌਮ ਪਹਿਲ ਦੇ ਅਧਾਰ ਉੱਤੇ ਸਾਥ ਦੇਵੇ ।

ਮਤਾ ਨੰਬਰ ਛੇ: ਵਰਲਡ ਸਿੱਖ ਪਾਰਲੀਮੈਂਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰਬ ਸਾਂਝੀਵਾਲਤਾਂ ਦੇ ਉਪਦੇਸ਼ਾਂ ਅਨੁਸਾਰ ਰੰਘਰੇਟੇ ਗੁਰੂ ਕੇ ਬੇਟੇ, ਦਲਿਤ ਭਾਈਚਾਰੇ ਦੇ ਨਾਲ-ਨਾਲ ਸਿਕਲੀਗਰ ਵਣਜਾਰਿਆਂ ਨੂੰ ਸਿੱਖ ਪੰਥ ਨਾਲ ਜੋੜਨ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਤੇ ਇਸ ਪ੍ਰਤੀ ਸੇਵਾ ਨਿਭਾ ਰਹੀਆ ਸੰਸਥਾਵਾਂ ਦਾ ਸਹਿਯੋਗ ਕਰਨ ਦੀ ਵੀ ਬੇਨਤੀ ਕਰਦੀ ਹੈ ।

# ਵਿਦੇਸ਼ੀ ਦੂਤ ਦਾ ਪਰਸ ਚੁੱਕਦਾ ਫੜਿਆ ਪਾਕਿ ਅਫਸਰ ਸਸਪੈਂਡ

ਇਸਲਾਮਾਬਾਦ, 3 ਅਕਤੂਬਰ (ਪੋਸਟ ਬਿਊਰੋ)- ਸੀਨੀਅਰ ਪਾਕਿਸਤਾਨੀ ਅਫਸਰ ਵੱਲੋਂ ਕੁਵੈਤ ਦੇ ਇੱਕ ਵਫਦ ਦੀ ਫੇਰੀ ਦੌਰਾਨ ਇਕ ਅਧਿਕਾਰੀ ਦਾ ਟੇਬਲ 'ਤੇ ਪਿਆ ਪਰਸ ਚੋਰੀ ਕੀਤਾ ਤਾਂ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਪਿੱਛੋਂ ਸਰਕਾਰ ਨੇ ਉਚ ਰੁਤਬੇ ਵਾਲੇ ਇਸ ਅਧਿਕਾਰੀ ਨੂੰ ਸਸਪੈਂਡ ਕਰ ਦਿੱਤਾ ਹੈ। ਜਾਣਕਾਰ ਸੂਤਰਾਂ ਮੁਤਾਬਕ ਇਸ ਅਫਸਰ ਦੇ ਖਿਲਾਫ ਅੰਦਰੂਨੀ ਕਾਰਵਾਈ ਜਾਰੀ ਹੈ ਤੇ ਉਸੇ ਮੁਤਾਬਕ ਅਗਲੀ ਕਾਰਵਾਈ ਕੀਤੀ ਜਾਵੇਗੀ। ਇਹ ਦਾਅਵਾ ਇਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ। ਡਾਅਨ ਨਿਊਜ਼ ਦੀ ਰਿਪੋਰਟ ਮੁਤਾਬਕ ਜ਼ਰਾਰ ਹੈਦਰ ਖਾਨ, ਇੰਡਸਟਰੀਜ਼ ਤੇ ਪ੍ਰੋਡਕਸ਼ਨ ਮੰਤਰਾਲੇ ਦਾ ਜਾਇੰਟ ਸਕੱਤਰ ਹੈ ਅਤੇ ਆਪਣੇ ਦੇਸ਼ ਦੀ ਐਡਮਨਿਸਟਰੇਟਿਵ ਸੇਵਾ ਵਿੱਚ ਬੀ ਐਸ-20 ਰੈਂਕ ਦਾ ਅਫਸਰ ਹੈ। ਸੋਸ਼ਲ ਮੀਡੀਆ ਉੱਤੇ ਆਈ ਛੇ ਸਕਿੰਟਾਂ ਦੀ ਇਸ ਵੀਡੀਓ ਕਲਿਪ ਵਿੱਚ ਉਹ ਟੇਬਲ 'ਤੇ ਪਏ ਪਰਸ ਨੂੰ ਚੁੱਕ ਕੇ ਜੇਬ ਵਿੱਚ ਪਾਉਂਦਾ ਨਜ਼ਰ ਆ ਰਿਹਾ ਸੀ। ਜਦੋਂ ਇਹ ਦ੍ਰਿਸ਼ ਕੈਮਰੇ 'ਚ ਕੈਦ ਹੋਏ, ਉਸ ਮੌਕੇ ਕੁਵੈਤੀ ਵਫਦ ਅਤੇ ਮੰਤਰਾਲੇ ਦੇ ਅਧਿਕਾਰੀ ਆਰਥਿਕ ਮਾਮਲਿਆਂ ਦੇ ਡਵੀਜ਼ਨ ਦੇ ਹਾਲ ਵਿੱਚੋਂ ਜਾ ਚੁੱਕੇ ਸਨ।

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ




- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ
ਸਾਡੀ TRAVEL INSURANCE ਦੀ ਮੁਹਾਰਤ ਦਾ




JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਜੇ ਬਰੈਂਪਟਨ ਖਤਰੇ ਵਿੱਚ ਹੈ ਤਾਂ ਹੱਲ ਲਈ ਕੌਣ ਖੜ੍ਹਾ ਹੈ - ਭਾਗ 3



ਬਰੈਂਪਟਨ ਦੇ ਸੁਨਿਹਰੇ ਭੱਵਿਖ ਬਾਰੇ ਵਿਚਾਰਾਂ ਕਰਦੀ ਕਾਊਂਸਲ




ਢਾਹੇ ਜਾ ਚੁੱਕੇ ਪੁਰਾਣੇ ਪੀਲ ਮੈਮੋਰੀਅਲ ਦੀ ਮੂੰਹ ਬੋਲਦੀ ਤਸਵੀਰ

...ਪੰਨਾ 1 ਦਾ ਬਾਕੀ

ਮਿਸੀਸਾਗਾ ਅਤੇ ਬਰੈਂਪਟਨ ਇੱਕੋ ਰੀਜਨਲ ਸਰਕਾਰ ਦੇ ਹਿੱਸਾ ਹਨ। ਇਹ ਦੋਵੇਂ ਗੁਆਂਢੀ ਸ਼ਹਿਰ ਇੱਕੋ ਕਿਸਮ ਦੀ ਸਥਾਨਕ ਸਰਕਾਰ ਦੇ ਪ੍ਰਸ਼ਾਸ਼ਨ ਤਹਿਤ ਹਨ। ਇਸਦੇ ਬਾਵਜੂਦ ਦੋਵਾਂ ਸ਼ਹਿਰਾਂ ਵਿੱਚ ਸਿਹਤ ਸੇਵਾਵਾਂ ਦੀ ਸਹੂਲਤ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਪਿਛਲੇ ਸਾਲਾਂ ਦੌਰਾਨ ਜਦੋਂ ਬਰੈਂਪਟਨ ਹਸਪਤਾਲ ਵਿੱਚ ਹਾਲਵੇਅ ਵਿੱਚ ਐਮਰਜੰਸੀ ਮਰੀਜ਼ਾਂ ਨੂੰ ਰੱਖਣ ਦਾ ਮਾਮਲਾ ਸਾਹਮਣੇ ਆਇਆ ਸੀ, ਉਸ ਤੋਂ ਬਾਅਦ ਲਿਬਰਲ ਸਰਕਾਰ ਨੇ 100 ਮਿਲੀਅਨ ਡਾਲਰ ਐਮਰਜੰਸੀ ਬੈੱਡਾਂ ਵਿੱਚ ਨਿਵੇਸ਼ ਕਰਨ ਦਾ ਐਲਾਨ ਕੀਤਾ ਸੀ। ਇਸ 100 ਮਿਲੀਅਨ ਡਾਲਰ ਦਿੱਤੇ ਜਾਣ ਤੋਂ ਬਾਅਦ ਜੋ ਮਜਾਕ ਬਰੈਂਪਟਨ ਨਾਲ ਕੀਤਾ ਗਿਆ, ਉਸਦਾ ਕਿੱਸਾ ਕਿਸੇ ਵੇਲੇ ਇਤਿਹਾਸ ਵਿੱਚ ਦਰਜ਼ ਕੀਤੇ ਜਾਣ ਦਾ ਹੱਕਦਾਰ ਹੈ। ਸਰਕਾਰ ਦੇ ਨਵੇਂ 100 ਮਿਲੀਅਨ ਡਾਲਰਾਂ ਨਾਲ ਮਿਸੀਸਾਗਾ ਨੂੰ 100 ਦੇ ਕਰੀਬ ਬੈੱਡ ਅਲਾਟ ਹੋਏ ਜਦੋਂ ਕਿ ਬਰੈਂਪਟਨ ਨੂੰ ਸਿਰਫ਼ 6 ਬੈੱਡ ਮਿਲੇ। ਗੱਲ ਬਰੈਂਪਟਨ ਤੋਂ ਤੁਰੀ ਅਤੇ ਹੱਲ ਮਿਸੀਸਾਗਾ ਦੇ ਹਿੱਸੇ ਆਇਆ। ਇਹ ਹੈ ਬਰੈਂਪਟਨ ਦੇ ਮਿਉਂਸੀਪਲ ਅਤੇ ਪ੍ਰੋਵਿਂਸ਼ੀਅਲ ਸਿਆਸਤਦਾਨਾਂ ਦਾ ਪ੍ਰਭਾਵ ਅਤੇ ਉਹਨਾਂ ਦੀ ਐਡਵੋਕੇਸੀ ਕਰਨ ਦੀ ਸਮਰੱਥਾ ਦਾ ਇੱਕ ਕਿੱਸਾ।

ਹੱਥ ਕੰਗਣ ਨੂੰ ਆਰਸੀ ਕੀ, ਕੱਲ ਡੱਗ ਫੋਰਡ ਸਰਕਾਰ ਵੱਲੋਂ ਉਂਟੇਰੀਓ ਭਰ ਵਿੱਚ ਹਸਪਤਾਲ ਹਾਲਵੇਅ ਵਿੱਚ ਮਰੀਜ਼ਾਂ ਦੇ ਦਾਖਲੇ ਨੂੰ ਘੱਟ ਕਰਨ ਲਈ 90 ਮਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ ਕੀਤਾ ਗਿਆ ਹੈ। ਬਰੈਂਪਟਨ ਵਾਸੀਆਂ ਲਈ ਵਿਚਾਰ ਕਰਨ ਵਾਲੀ ਗੱਲ ਹੋਵੇਗੀ ਕਿ ਇਹਨਾਂ 90 ਮਿਲੀਅਨ ਡਾਲਰਾਂ ਨਾਲ ਇੱਥੇ ਹੋਰ ਕਿੰਨੇ ਬੈੱਡ ਆਉਣਗੇ। ਜੇ ਲਿਬਰਲ ਸਰਕਾਰ ਵਾਲਾ ਹੀ ਮਜਾਕ ਹੋਣਾ ਹੈ ਤਾਂ ਇਸ ਸ਼ਹਿਰ ਦੇ ਵਾਸੀਆਂ ਨੂੰ ਆਪਣੇ ਭਾਗਾਂ ਨੂੰ ਕੋਸਣਾ ਬੰਦ ਕਰਕੇ ਸਿਆਸਤਦਾਨਾਂ ਨੂੰ ਸੁਆਲਾਂ ਦੇ ਕਟਿਹਰੇ ਵਿੱਚ ਖੜਾ ਕਰਨਾ ਚਾਹੀਦਾ ਹੈ।

ਦੁੱਖ ਦੀ ਗੱਲ ਹੈ ਕਿ ਪਰਵਾਸੀਆਂ ਦੀ ਭਰਮਾਰ ਵਾਲੇ ਇਸ ਸ਼ਹਿਰ ਵਿੱਚ ਮੁੱਦਾ ਅਤੇ ਮੁਦਈ ਦੋਵੇਂ ਹੀ ਨਿਪੁੰਸਕ ਹੋ ਕੇ ਰਹਿ ਗਏ ਹਨ। ਨਾ ਇਸ ਸ਼ਹਿਰ ਦੇ ਮੁੱਦਿਆਂ ਨੂੰ ਵਜ਼ਨਦਾਰ ਸਮਝ ਕੇ ਸੱਤਾ ਵਿੱਚ ਬੈਠੇ ਦਾਤਾਵਾਂ ਵੱਲੋਂ ਗੌਲਣ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਨਾ ਹੀ ਇੱਥੇ ਦੇ ਮੁਦਈਆਂ (ਭਾਵ ਸਿਆਸੀ ਨੁਮਾਇੰਦਿਆਂ) ਵਿੱਚ ਆਵਾਜ਼ ਚੁੱਕਣ ਦੀ ਹਿੰਮਤ ਵਿਖਾਈ ਦੇਂਦੀ ਹੈ। ਨਤੀਜਾ ਇਹ ਕਿ ਸ਼ਹਿਰ ਲਈ ਬਣਨ ਵਾਲੀਆਂ ਭੱਵਿਖਮੁਖੀ ਯੋਜਨਾਵਾਂ ਨਿਪੁੰਸਕ ਸੋਚ ਦਾ ਸ਼ਿਕਾਰ ਹੋ ਕੇ ਰਹਿ ਜਾਂਦੀਆਂ ਹਨ ਜਿਹਨਾਂ ਨੂੰ ਘਾਗ ਬਿਊਰੋਕਰੇਸੀ ਵੱਲੋਂ ਮਨਮਰਜ਼ੀ ਦੀ ਦਿਸ਼ਾ ਦੇ ਦਿੱਤੀ ਜਾਂਦੀ ਹੈ। ਇਸਦੀ ਇੱਕ ਮਿਸਾਲ ਲੱਖਾਂ ਡਾਲਰਾਂ ਖਰਚ ਕੇ ਤਿਆਰ ਕੀਤੀ ਗਏ 2040 ਵਿਜ਼ਨ ਤੋਂ ਲਈ ਜਾ ਸਕਦੀ ਹੈ।

2040 ਵਿਜ਼ਨ ਵਿੱਚ 7 ਉਹ ਫੈਕਟਰ ਦਿੱਤੇ ਗਏ ਹਨ ਜਿਹਨਾਂ ਉੱਤੇ ਸਫ਼ਲਤਾ ਨਾਲ ਕੰਮ ਕੀਤਿਆਂ ਬਰੈਂਪਟਨ ਨੂੰ ਦਰਪੇਸ਼ ਸੱਮਸਿਆਵਾਂ ਤੋਂ ਨਿਜਾਤ ਹਾਸਲ ਹੋ ਸਕਦੀ ਹੈ। ਇਹਨਾਂ ਵਿੱਚ ਸਿਹਤ 6ਵੇਂ ਨੰਬਰ ਉੱਤੇ ਹੈ। ਦੱਸਿਆ ਗਿਆ ਹੈ ਕਿ ਸਿਹਤ ਨਿਜਾਮ ਨੂੰ ਦਰੁਸਤ ਰੱਖਣ ਵਿੱਚ ਲੋਕਾਂ ਦੀ ਆਮਦਨ, ਸਮਾਜਕ ਸਹਾਰਿਆਂ, ਰੁਜ਼ਗਾਰ, ਸਮਾਜਕ ਅਤੇ ਸਰੀਰਕ ਵਾਤਾਵਰਣ, ਸਿਹਤ ਪ੍ਰਤੀ ਲੋਕਾਂ ਦੀਆਂ ਨਿੱਜੀ ਆਦਤਾਂ, ਸਿਹਤ ਸੇਵਾਵਾਂ ਤੱਕ ਪਹੁੰਚ ਅਤੇ ਐਥਨਿਕ ਭਾਈਚਾਰਿਆਂ ਦੀਆਂ ਵਿਸ਼ੇਸ਼ ਆਦਤਾਂ ਦਾ ਰੋਲ ਹੁੰਦਾ ਹੈ। ਦਸਤਾਵੇਜ਼ ਦੱਸਦਾ ਹੈ ਕਿ ਸ਼ੱਕਰ ਰੋਗ ਅਤੇ ਦਿਲ ਦੀਆਂ ਬਿਮਾਰੀਆਂ ਬਰੈਂਪਟਨ ਵਾਸੀਆਂ ਵਿੱਚ ਕੈਨੇਡਾ ਭਰ ਨਾਲੋਂ ਵੱਧ ਦਰ ਵਿੱਚ ਪਾਈਆਂ ਜਾਂਦੀਆਂ ਹਨ। ਸੀਨੀਅਰਾਂ ਖਾਸ ਕਰਕੇ ਸਾਊਥ ਏਸ਼ੀਅਨ ਸੀਨੀਅਰਾਂ ਲਈ ਪਾਰਕਾਂ ਵਿੱਚ ਬੈਠਣ ਦੀ ਸਹੂਲਤ ਪੈਦਾ ਕਰਨ ਨੂੰ ਸਿਹਤ ਮੁਰੰਮਤ ਦਾ ਹੱਲ ਦੱਸਿਆ ਗਿਆ ਹੈ। ਹੋਰ ਸੁਝਾਵਾਂ ਵਿੱਚ ਸਿਟੀ ਹਾਲ ਵਿੱਚ ਇੱਕ ਸਿਹਤ ਏਜੰਸੀ ਕਾਇਮ ਕਰਨ ਦਾ ਸੁਝਾ ਹੈ ਜੋ ਸੋਸ਼ਲ ਹਾਊਸਿੰਗ ਅਤੇ ਸਿਹਤ ਯੋਜਨਾਬੰਦੀ ਬਾਰੇ ਕੰਮ ਕਰੇ (ਹਾਊਸਿੰਗ ਨੂੰ ਸਿਹਤ ਨਾਲ ਜੋੜ ਕੇ ਵੇਖਿਆ ਗਿਆ ਹੈ)। ਇਸੇ ਤਰਾਂ ਸਿਟੀਜ਼ਨਾਂ ਦੀ ਇੱਕ ਸਲਾਹਕਾਰ ਕਮੇਟੀ ਕਾਇਮ ਕਰਨ ਅਤੇ ਇੱਕ ਸਪੋਰਟਸ ਇੰਸਟੀਚਿਊਟ ਕਾਇਮ ਕਰਨਾ ਤਜਵੀਜ਼ ਕੀਤਾ ਗਿਆ ਹੈ।

ਸਥਾਨਕ ਵਾਸੀਆਂ ਦੀ ਸਿਹਤ ਨੂੰ ਲੈ ਕੇ ਜਿਸ ਚੀਜ਼ ਦੀ ਬਰੈਂਪਟਨ ਨੂੰ ਵੱਧ ਲੋੜ ਹੈ, ਉਹ ਹਨ ਅਤੀਰਿਕਤ ਹਸਪਤਾਲ। ਹਸਪਤਾਲਾਂ ਬਾਰੇ 2040 ਵਿਜ਼ਨ ਵਿੱਚ ਮਹਿਜ਼ ਇੱਕ ਲਾਈਨ ਦਰਜ਼ ਹੈ ਕਿ ਸਿਟੀ ਨੂੰ ਇੱਕ ਹੋਰ ਹਸਪਤਾਲ ਲਈ ਬਾਕੀਆਂ ਨਾਲ ਮੁਕਾਬਲਾ ਜਾਰੀ ਰੱਖਣ ਦੀ ਲੋੜ ਹੈ।

ਅਸਲ ਵਿੱਚ ਲੋੜ ਸੀ ਕਿ 2040 ਵਿਜ਼ਨ ਵਿੱਚ ਬਰੈਂਪਟਨ ਸਿਵਕ ਹਸਪਤਾਲ ਦੇ ਮੁੱਖ ਕਾਰਜਕਾਰੀ ਅਫ਼ਸਰ ਡਾਕਟਰ ਬਰੈਂਡਨ ਕਾਰ (Dr. Brendan Carr) ਦੇ ਉਸ ਬਿਆਨ ਨੂੰ ਦਰਜ਼ ਕੀਤਾ ਜਾਂਦਾ ਜੋ ਉਸਨੇ ਸਿਟੀ ਕਾਊਂਸਲ ਸਾਹਮਣੇ ਪੇਸ਼ ਹੋ ਕੇ ਦਿੱਤਾ ਸੀ। ਡਾਕਟਰ ਕਾਰ ਨੇ ਮਾਰਚ 2018 ਵਿੱਚ ਕਾਊਂਸਲ ਨੂੰ ਦੱਸਿਆ ਸੀ ਕਿ ਬਰੈਂਪਟਨ ਹਸਪਤਾਲ ਅਤੇ ਸਿਹਤ ਸੰਭਾਲ ਦੇ ਬੁਨਿਆਦੀ ਢਾਂਚੇ ਅਤੇ ਸਿਹਤ ਸਥਿਤੀ ਦਾ ਬਹੁਤਾ ਮੰਦਾ ਹਾਲ ਹੈ ਅਤੇ ਇਹ ਸਥਿਤੀ ਹਰ ਮਹੀਨੇ ਹੋਰ ਨਿੱਘਰਦੀ ਜਾ ਰਹੀ ਹੈ। ਉਸਨੇ ਕਾਊਂਸਲ ਨੂੰ ਇਹ ਵੀ ਦੱਸਿਆ ਸੀ ਕਿ ਪੀਲ ਮੈਮੋਰੀਅਲ ਦੇ ਨਾਮ ਉੱਤੇ ਬਣਾਏ ਗਏ ਅਰਜੈਂਟ ਕੇਅਰ ਸੈਂਟਰ ਨੂੰ ਜਿਸ ਪੱਧਰ ਦੀਆਂ ਸੇਵਾਵਾਂ ਦੇਣ ਲਈ ਤਿਆਰ ਕੀਤਾ ਗਿਆ ਸੀ, ਉਹ ਆਪਣੀ ਪੱਧਰ ਤੋਂ ਪਾਰ ਹੋ ਚੁੱਕਾ ਹੈ ਪਰ ਬਰੈਂਪਟਨ ਦੀਆਂ ਵੱਧ ਰਹੀਆਂ ਲੋੜਾਂ ਉਵੇਂ ਦੀਆਂ ਉਵੇਂ ਮੂੰਹ ਟੱਡੀ ਖੜੀਆਂ ਹਨ। ਉਸਨੇ ਕਾਊਂਸਲ ਨੂੰ ਇਸ ਗੱਲ ਤੋਂ ਵੀ ਜਾਣੂੰ ਕਰਵਾਇਆ ਸੀ ਕਿ ਉਂਟੇਰੀਓ ਵਿੱਚ ਪ੍ਰਤੀ ਵਿਅਕਤੀ ਲਈ ਸਿਹਤ ਸੇਵਾਵਾਂ ਉੱਤੇ ਔਸਤਨ 1800 ਡਾਲਰ ਸਾਲਾਨਾ ਖਰਚ ਕੀਤੇ ਜਾਂਦੇ ਹਨ ਜਦੋਂ ਕਿ ਬਰੈਂਪਟਨ ਵਾਸੀਆਂ ਵਾਸਤੇ ਇਹ ਦਰ ਮਹਿਜ਼ 1000 ਡਾਲਰ ਹੈ। ਮਤਰੇਏ ਪੁੱਤਰਾਂ ਧੀਆਂ ਵਾਗੂੰ ਸਮਝੇ ਜਾਣ ਵਾਲੇ ਪਰਵਾਸੀ ਬਹੁ ਗਿਣਤੀ ਸ਼ਹਿਰ ਬਰੈਂਪਟਨ ਦੀਆਂ ਮਿਉਂਸੀਪਲ ਚੋਣਾਂ ਵਿੱਚ ਸਿਹਤ ਮੁੱਦੇ ਉੱਤੇ ਗੰਭੀਰ ਬਹਿਸ ਨਾ ਹੋਣ ਦੇ ਮਾਹੌਲ ਵਿੱਚ ਸੱਭਨਾਂ ਦਾ ਸੁਆਗਤ ਹੈ।

ਸਿਹਤ ਬਾਰੇ ਐਨਾ ਘਸਮਾਣ ਪੈ ਚੁੱਕਣ ਦੇ ਬਾਵਜੂਦ ਨਾ ਸਾਡੇ ਸਿਆ-ਸਤਦਾਨ ਇਸ ਬਾਰੇ ਗੱਲ ਕਰਦੇ ਹਨ ਅਤੇ ਨਾ ਹੀ ਉਹਨਾਂ ਦੇ ਪਲੇਟਫਾਰਮਾਂ ਵਿੱਚ ਕੋਈ ਠੋਸ ਯੋਜਨਾ ਦਰਜ਼ ਵਿਖਾਈ ਦੇਂਦੀ ਹੈ। 2040 ਵਿਜ਼ਨ ਦਸਤਾਵੇਜ਼ ਵਿੱਚ ਇੱਕ ਲਾਈਨ ਕਿੰਨੀ ਸਹੀ ਹੈ - **ਬਰੈਂਪਟਨ ਖਤਰੇ ਵਿੱਚ ਹੈ।**

......ਬਾਕੀ ਕੱਲ

## ਸਿਆਸੀ ਪਾਰਟੀਆਂ ਨੂੰ ਫੋਰਡ ਵੱਲੋਂ ਪਾਰਟੀ ਸਬਸਿਡੀ ਬੰਦ ਕੀਤੇ ਜਾਣ ਦਾ ਡਰ

...ਪੰਨਾ 1 ਦਾ ਬਾਕੀ

ਉਨ੍ਹਾਂ ਇਹ ਵੀ ਲਿਖਿਆ ਸੀ ਕਿ ਜੇ ਕੋਈ ਪਾਰਟੀ ਆਪਣੀ ਕੈਂਪੇਨ ਚਲਾਉਣ ਲਈ ਆਪਣਾ ਪੈਸਾ ਇੱਕਠਾ ਨਹੀਂ ਕਰ ਸਕਦੀ ਤਾਂ ਉਹ ਟੈਕਸਦਾਤਾਵਾਂ ਦੇ ਪੈਸੇ ਉੱਤੇ ਨਿਰਭਰ ਕਿਵੇਂ ਰਹਿ ਸਕਦੀ ਹੈ।

ਹਰੇਕ ਪਾਰਟੀ ਨੂੰ ਪਿਛਲੀਆਂ ਚੋਣਾਂ ਵਿੱਚ ਹਾਸਲ ਹੋਈਆਂ ਵੋਟਾਂ ਦੇ ਹਿਸਾਬ ਨਾਲ ਕੁਆਰਟਰਲੀ ਭੱਤਾ ਮਿਲਦਾ ਹੈ। ਜੇ ਸਬਸਿਡੀਜ਼ ਜਾਰੀ ਰਹਿੰਦੀਆਂ ਹਨ ਤਾਂ ਅਗਲੇ ਸਾਲ ਦੇ ਫੰਡ ਹੇਠ ਲਿਖੇ ਅਨੁਸਾਰ ਹੋਣਗੇ :


- ਪੀਸੀ : 5.5 ਮਿਲੀਅਨ ਡਾਲਰ
- ਐਨਡੀਪੀ : 4.6 ਮਿਲੀਅਨ ਡਾਲਰ
- ਲਿਬਰਲ : 2.6 ਮਿਲੀਅਨ ਡਾਲਰ
- ਗ੍ਰੀਨ : 630,000 ਡਾਲਰ

ਇੱਕ ਵਾਰੀ ਕਾਰਪੋਰੇਟ ਤੇ ਯੂਨੀਅਨਾਂ ਵੱਲੋਂ ਪਾਏ ਜਾਣ ਵਾਲੇ ਯੋਗਦਾਨ ਦੇ ਬੰਦ ਹੋਣ ਨਾਲ ਪਾਰਟੀਆਂ ਵੱਲੋਂ ਇੱਕਠੇ ਕੀਤੇ ਜਾਣ ਵਾਲੇ ਫੰਡਾਂ ਵਿੱਚ ਭਾਰੀ ਗਿਰਾਵਟ ਆਵੇਗੀ। ਪਿਛਲੇ ਸਾਲ, ਸਾਰੀਆਂ ਮੁੱਖ ਪਾਰਟੀਆਂ ਨੇ ਡੋਨੇਸ਼ਨਾਂ ਨਾਲੋਂ ਪ੍ਰਤੀ ਵੋਟ ਸਬਸਿਡੀ ਤੋਂ ਵਾਧੂ ਰਕਮ ਹਾਸਲ ਕੀਤੀ ਸੀ। ਇਹ ਸਬਸਿਡੀ ਬੰਦ ਹੋ ਜਾਵੇਗੀ ਇਹ ਵਿਚਾਰ ਮਨ ਵਿੱਚ ਆਉਂਦੇ ਸਾਰ ਹੀ ਕੁੱਝ ਪਾਰਟੀਆਂ ਅੰਦਰ ਡਰ ਬੈਠ ਗਿਆ ਹੈ।

ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਨੇ ਆਖਿਆ ਕਿ ਉਹ ਇਸ ਲਈ ਫਿਕਰਮੰਦ ਹਨ ਕਿਉਂਕਿ ਸਾਨੂੰ ਓਨਟਾਰੀਓ ਦੀ ਸਿਆਸਤ ਵਿੱਚ ਵਾਪਿਸ ਆਉਣ ਲਈ ਬਹੁਤ ਜ਼ਿਆਦਾ ਰਕਮ ਦੀ ਲੋੜ ਨਹੀਂ ਹੈ। ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜਮਹੂਰੀਅਤ ਨੂੰ ਕੰਮ ਕਰਨ ਲਈ ਕੋਈ ਰਾਹ ਤਾਂ ਹੋਣਾ ਹੀ ਚਾਹੀਦਾ ਹੈ ਤੇ ਪਾਰਟੀਆਂ ਨੂੰ ਆਪਣੇ ਕੰਮਕਾਜ ਨੂੰ ਚਲਾਉਣ ਤੇ ਕੈਂਪੇਨਜ਼ ਨੂੰ ਤੋਰਨ ਲਈ ਵਿੱਤੀ ਮਦਦ ਲੈਣ ਲਈ ਕੋਈ ਰਾਹ ਤਾਂ ਚਾਹੀਦਾ ਹੈ। ਚਾਰ ਮੁੱਖ ਪਾਰਟੀਆਂ ਵਿੱਚੋਂ ਲਿਬਰਲ ਪਾਰਟੀ ਵਿੱਤੀ ਤੌਰ ਉੱਤੇ ਬਹੁਤ ਮਾੜੀ ਸਥਿਤੀ ਵਿੱਚ ਹੈ। ਪਾਰਟੀ ਸਿਰ 9 ਮਿਲੀਅਨ ਡਾਲਰ ਦਾ ਕਰਜ਼ਾ ਹੈ ਤੇ ਇਸ ਦੀ ਜਾਣਕਾਰੀ ਪਿਛਲੇ ਵੀਕੈਂਡ ਅੰਤਰਿਮ ਆਗੂ ਜੌਹਨ ਫਰੇਜ਼ਰ ਨੇ ਦਿੱਤੀ।

## ਮੋਦੀ ਨੂੰ 'ਚੈਂਪੀਅਨਜ਼ ਆਫ ਅਰਥ ਅਵਾਰਡ' ਦਿੱਤਾ ਗਿਆ

ਨਵੀਂ ਦਿੱਲੀ, 3 ਅਕਤੂਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਾਤਾਵਰਨ ਲਈ ਇਤਿਹਾਸਿਕ ਕਦਮਾਂ ਲਈ ਯੂ ਐੱਨ ਓ ਨੇ ਅੱਜ 'ਚੈਂਪੀਅਨਜ਼ ਆਫ ਅਰਥ ਅਵਾਰਡ' ਨਾਲ ਸਨਮਾਨਿਤ ਕੀਤਾ ਹੈ। ਯੂ ਐੱਨ ਜਨਰਲ ਸੈਕਟਰੀ ਐਂਤੋਨਿਓ ਗੁਤਾਰੇਸ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇਹ ਅਵਾਰਡ ਦਿੱਤਾ ਹੈ। ਗੁਤਾਰੇਸ ਭਾਰਤ ਆਏ ਹੋਏ ਹਨ।



'ਚੈਂਪੀਅਨਜ਼ ਆਫ ਅਰਥ ਅਵਾਰਡ' ਮਿਲਣ ਪਿੱਛੋਂ ਪ੍ਰੋਗਰਾਮ ਨੂੰ ਸੰਬੋਧਤ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਸਨਮਾਨ ਭਾਰਤ ਦਾ ਹੈ, ਇਸ ਅਵਾਰਡ ਲਈ ਮੈਂ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਇਹ ਭਾਰਤ ਦੇ ਆਦਿਵਾਸੀ, ਕਿਸਾਨ ਅਤੇ ਮਛੇਰਿਆਂ ਦਾ ਸਨਮਾਨ ਹੈ। ਮੋਦੀ ਨੇ ਕਿਹਾ ਕਿ ਭਾਰਤ ਹਮੇਸ਼ਾ ਕੁਦਰਤ ਨੂੰ ਮਾਂ ਵਜੋਂ ਦੇਖਦਾ ਹੈ ਤੇ ਨਾਰੀ ਕੁਦਰਤ ਦਾ ਰੂਪ ਹੈ। ਇਹ ਸਨਮਾਨ ਭਾਰਤੀ ਨਾਰੀ ਦਾ ਵੀ ਹੈ, ਜੋ ਪੌਦਿਆਂ ਦਾ ਧਿਆਨ ਰੱਖਦੀ ਹੈ।

ਯੂ ਐੱਨ ਓ ਨੇ 26 ਸਤੰਬਰ ਨੂੰ ਜਨਰਲ ਅਸੈਂਬਲੀ ਦੀ ਉਚ ਪੱਧਰੀ ਬੈਠਕ ਦੌਰਾਨ ਐਲਾਨ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਅਮੈਨੁਏਲ ਮੈਕਰਾਂ ਨੂੰ ਪਾਲਿਸੀ ਲੀਡਰਸ਼ਿਪ ਕੈਟੇਗਰੀ ਵਿੱਚ ਇਹ ਚੈਂਪੀਅਨਜ਼ ਆਫ ਅਰਥ ਐਵਾਰਡ ਦਿੱਤਾ ਜਾਵੇਗਾ। ਇਹ ਸਭ ਤੋਂ ਵੱਡਾ ਵਾਤਾਵਰਨ ਪੁਰਸਕਾਰ ਹੈ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਪ੍ਰਭਮੀਤ ਸਰਕਾਰੀਆ ਵਲੋਂ ਸਿੱਖਾਂ ਨੂੰ ਹੈਲਮੇਟ ਦੀ ਛੋਟ ਲਈ ਬਿਲ ਪੇਸ਼

...ਪੰਨਾ 1 ਦਾ ਬਾਕੀ

ਤੈਅ ਨਹੀਂ ਕਰ ਸਕਦੇ, ਪਰ ਸਾਨੂੰ ਪੂਰੀ ਉਮੀਦ ਹੈ ਕਿ ਇਸ ਸਾਲ ਦੇ ਅੰਤ ਤੱਕ ਸਿੱਖਾਂ ਦੀ ਲੰਮੇ ਸਮੇਂ ਤੋ ਚਲੀ ਆ ਰਹੀ ਮੰਗ ਪੂਰੀ ਹੋ ਜਾਵੇਗੀ। ਯਾਦ ਰਹੇ ਕਿ ਸਿੱਖਾਂ ਨੂੰ ਹੈਲਮੇਟ ਤੋਂ ਛੋਟ ਦਿਵਾਉਣ ਲਈ ਸਿੱਖ ਮੋਟਰਸਾਈਕਲ ਕਲੱਬ ਬੜੇ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ। ਪਹਿਲਾਂ ਐਨਡੀਪੀ ਦੇ ਰਹਿ ਚੁੱਕੇ ਡਿਪਟੀ ਲੀਡਰ ਜਗਮੀਤ ਸਿੰਘ ਨੇ ਵੀ ਕੋਸ਼ਿਸ਼ਾਂ ਕੀਤੀਆਂ ਸਨ, ਪਰ ਲਿਬਰਲਾਂ ਦੇ ਵਿਰੋਧ ਕਾਰਨ ਉਹ ਸਫ਼ਲ ਨਹੀਂ ਹੋ ਸਕਿਆ ਸੀ। ਬੀਤੇ ਸਮੇਂ ਐਨਡੀਪੀ ਤੇ ਪੀਸੀ ਦੀ ਇਸ ਬਿਲ ਲਈ ਹਮਾਇਤ ਰਹੀ ਹੈ। ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਲਿਬਰਲਾਂ ਦੇ ਥੋੜੇ ਬਹੁਤੇ ਵਿਰੋਧ ਤੋਂ ਬਾਅਦ ਇਹ ਬਿਲ ਆਸਾਨੀ ਨਾਲ ਦੂਜੀ ਤੀਜੀ ਰੀਡਿੰਗ ਪਾਸ ਕਰਕੇ ਕਾਨੂੰਨ ਬਣ ਜਾਵੇਗਾ। ਸਿੱਖ ਹਲਕਿਆਂ ਵਿਚ ਇਸ ਸਮੇਂ ਪੀਸੀ ਪਾਰਟੀ ਦੇ ਲੀਡਰ ਡੱਗ ਫੋਰਡ ਤੇ ਪ੍ਰਭਮੀਤ ਸਰਕਾਰੀਆ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

## ਮਲੇਸ਼ੀਆ ਪੁਲਸ ਦੇ ਸਿੱਖ ਚੀਫ ਦੀ ਦਸਤਾਰ ਉੱਤੇ ਟਿਪਣੀ ਲਈ ਬਲਾਗਰ ਨੇ ਮੁਆਫ਼ੀ ਮੰਗੀ

ਕੁਆਲਾਲੰਪੁਰ, 3 ਅਕਤੂਬਰ, (ਪੋਸਟ ਬਿਊਰੋ)- ਮਲੇਸ਼ੀਆ ਦੀ ਪੁਲਸ ਦੇ ਸਿੱਖ ਚੀਫ ਅਮਰ ਸਿੰਘ ਦੀ ਦਸਤਾਰ ਬਾਰੇ ਇੱਕ ਬਲਾਗਰ ਨੇ ਬੇਤੁਕੀ ਟਿਪਣੀ ਕਰ ਦਿੱਤੀ ਤਾਂ ਇਹ ਬਲਾਗਰ ਰਾਜਾ ਪੈਟਰਾ ਕਮਰੁਦੀਨ ਇਸ ਟਿਪਣੀ ਦੇ ਨਾਲ ਫਸ ਗਏ ਅਤੇ ਉਨ੍ਹਾਂ ਨੂੰ ਮੁਆਫ਼ੀ ਮੰਗਣੀ ਪਈ ਹੈ।

ਬਲਾਗਰ ਕਮਰੁਦੀਨ ਨੇ ਆਪਣੇ ਲੇਖ ਵਿਚ ਪੁਲਸ ਮੁਖੀ ਅਮਰ ਸਿੰਘ ਦੀ ਕਾਰਗੁਜ਼ਾਰੀ ਉਤੇ ਟਿਪਣੀ ਕਰਦੇ ਹੋਏ ਕਿਹਾ ਸੀ, 'ਅਮਰ ਸਿੰਘ ਨੂੰ ਆਪਣੀ ਪੱਗ ਜ਼ਰਾ ਕੱਸ ਕੇ ਬੰਨ੍ਹਣੀ ਚਾਹੀਦੀ ਹੈ, ਤਾਂ ਕਿ ਆਪਣੇ ਦਿਮਾਗ ਦੇ ਵਿਚ ਖੂਨ ਦੇ ਪ੍ਰਵਾਹ ਨੂੰ ਸੀਮਤ ਕਰ ਸਕਣ।' ਇਸ ਟਿਪਣੀ ਨਾਲ ਹੰਗਾਮਾ ਖੜ੍ਹਾ ਹੋ ਗਿਆ। ਕਮਰੁਦੀਨ ਦੀ ਇਸ ਟਿਪਣੀ ਨੂੰ ਨਸਲੀ ਤੇ ਵਿਤਕਰੇ ਵਾਲੀ ਮੰਨਿਆ ਗਿਆ। ਉਸ ਨੇ ਆਪਣੀ ਇਸ ਟਿਪਣੀ ਤੋਂ ਬਾਅਦ ਮੁਆਫ਼ੀ ਮੰਗ ਲਈ। ਉਸ ਦਾ ਕਹਿਣਾ ਸੀ ਕਿ ਉਸ ਨੂੰ ਅੰਦਾਜ਼ਾ ਨਹੀਂ ਸੀ ਕਿ ਦਸਤਾਰ ਦੀ ਇੰਨੀ ਜ਼ਿਆਦਾ ਅਹਿਮੀਅਤ ਹੈ।

ਇਸ ਟਿਪਣੀ ਪਿੱਛੋਂ ਮਲੇਸ਼ੀਆ ਗੁਰ-ਦੁਆਰਾ ਕੌਂਸਲ ਅਤੇ ਸਿੱਖ ਭਾਈਚਾਰੇ ਵਿੱਚ ਰੋਸ ਦੀ ਲਹਿਰ ਸੀ। ਕੌਂਸਲ ਦਾ ਕਹਿਣਾ ਸੀ ਕਿ ਇਸ ਟਿਪਣੀ ਕਾਰਨ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਮਲੇਸ਼ੀਆਈ ਸਿੱਖਾਂ ਨੇ ਪੁਲਸ ਦੇ ਮੁਖੀ ਦੀ ਦਸਤਾਰ 'ਤੇ ਟਿਪਣੀ ਕਰਨ ਲਈ ਬਲਾਗਰ ਨੂੰ ਝਾੜ ਪਾਈ ਹੈ। ਇਸ ਟਿਪਣੀ ਦਾ ਪੁਲਸ ਮੁਖੀ ਅਮਰ ਸਿੰਘ ਨੇ ਵੀ ਗੰਭੀਰ ਨੋਟਿਸ ਲਿਆ ਹੈ।

## 2019 ਦੀਆਂ ਫੈਡਰਲ ਚੋਣਾਂ ਵਿੱਚ ਅਸੀਂ ਕਿਸੇ ਉੱਤੇ ਚਿੱਕੜ ਨਹੀਂ ਉਛਾਲਾਂਗੇ : ਟਰੂਡੋ

...ਪੰਨਾ 1 ਦਾ ਬਾਕੀ

ਟਰੂਡੋ ਨੇ ਆਖਿਆ ਕਿ ਅਸੀਂ ਸ਼ਾਇਦ ਅਗਲੇ ਸਾਲ ਕੈਨੇਡਾ ਦੇ ਇਤਿਹਾਸ ਵਿੱਚ ਸੱਭ ਤੋਂ ਨਕਾਰਾਤਮਕ ਤੇ ਗੰਧਲੀ ਸਿਆਸੀ ਕੈਂਪੇਨ ਵਾਲੀਆਂ ਚੋਣਾਂ ਵੇਖਾਂਗੇ। ਉਨ੍ਹਾਂ ਆਖਿਆ ਕਿ ਆਪਣੇ ਬਾਰੇ ਉਹ ਆਖ ਸਕਦੇ ਹਨ ਕਿ ਅਸੀਂ ਉਹੀ ਕਰਾਂਗੇ ਜੋ 2015 ਵਿੱਚ ਕੀਤਾ ਸੀ। ਅਸੀਂ ਕਿਸੇ ਉੱਤੇ ਨਿਜੀ ਹਮਲਾ ਨਹੀਂ ਕਰਾਂਗੇ।

ਟਰੂਡੋ ਨੇ ਆਖਿਆ ਕਿ ਸਕਾਰਾਤਮਕ ਤੇ ਅਜਿਹਾ ਸੁਨੇਹਾ ਜਿਹੜਾ ਲੋਕਾਂ ਨੂੰ ਇੱਕਜੁੱਟ ਕਰ ਸਕੇ, ਜਿਹੜਾ ਨਿਜੀ ਹਮਲਿਆਂ ਤੋਂ ਦੂਰ ਹੋਵੇ, ਜਿਹੜਾ ਹੱਥਕੰਢਿਆਂ ਵਾਲੀ ਸਿਆਸਤ ਤੋਂ ਪਾਸੇ ਹੋਵੇ, ਜਿਹੋ ਜਿਹੀ ਸਿਆਸਤ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵੱਲੋਂ ਵਰਤੀ ਗਈ ਸੀ, ਅਸੀਂ ਉਸ ਤੋਂ ਦੂਰ ਰਹਾਂਗੇ। ਅਸੀਂ ਪਹਿਲਾਂ ਵੀ ਇਹ ਸਿੱਧ ਕਰ ਚੁੱਕੇ ਹਾਂ ਕਿ ਨਕਾਰਾਤਮਕਤਾ ਤੇ ਹਮਲੇ ਵਾਲੀ ਸਿਆਸਤ ਕੰਮ ਨਹੀਂ ਕਰਦੀ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSIPTALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9


KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਜੱਗ ਜਿਉਣ ਰੁੱਖਾਂ ਦੀਆਂ ਛਾਵਾਂ

-ਡਾ.ਹਰਨੇਕ ਸਿੰਘ ਕਲੇਰ



ਮਨੁੱਖ ਅਤੇ ਰੁੱਖ ਦਾ ਮੁੱਢ ਕਦੀਮੀ ਗਹਿਰਾ ਰਿਸ਼ਤਾ ਰਿਹਾ ਹੈ। ਮਨੁੱਖ ਦੇ ਜੀਵਨ ਲਈ ਉਸ ਦਾ ਪਹਿਲਾ ਆਸਾਰਾ ਰੁੱਖ ਹੀ ਬਣੇ। ਆਪਣੇ ਜੰਗਲੀ ਜੀਵਨ ਸਮੇਂ ਮਨੁੱਖ ਦੀ ਖੁਰਾਕ ਰੁੱਖਾਂ ਦੇ ਫਲ ਤੇ ਫੁੱਲ ਤੇ ਤਨ ਢਕਣ ਲਈ ਕੱਪੜੇ ਦੇ ਰੂਪ ਵਿੱਚ ਰੁੱਖਾਂ ਦੇ ਪੱਤੇ ਹੀ ਸਨ। ਇਹੀ ਨਹੀਂ ਉਨ੍ਹਾਂ ਦਾ ਪਹਿਲਾ ਨਿਵਾਸ ਸਥਾਨ ਵੀ ਰੁੱਖ ਸਨ। ਇਸ ਤਰ੍ਹਾਂ ਇਸ ਧਰਤੀ 'ਤੇ ਮੁੱਢਲੀਆਂ ਮਨੁੱਖੀ ਨਸਲਾਂ ਦੇ ਪਾਲਣ ਪੋਸ਼ਣ ਲਈ ਰੁੱਖ ਜੀਵਨ ਦਾਤਾ ਸਨ। ਮਨੁੱਖ ਲਈ ਰੁੱਖਾਂ ਦੀ ਮਹੱਤਤਾ ਨੂੰ ਪਛਾਣ ਕੇ ਬਾਬਾ ਫਰੀਦ ਨੇ ਰੱਬ ਦੀ ਸਾਧਨਾ ਕਰਦੇ ਦਰਵੇਸ਼ ਨੂੰ ਰੁੱਖਾਂ ਜਿਹੀ ਸਹਿਣਸ਼ੀਲਤਾ ਧਾਰਨ ਕਰਨ ਦਾ ਸੰਦੇਸ਼ ਦਿੱਤਾ ਹੈ:

ਫਰੀਦਾ ਸਾਹਿਬ ਦੀ ਕਰ ਚਾਕਰੀ
ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ
ਰੁਖਾਂ ਦੀ ਜੀਰਾਂਦਿ॥

ਰੁੱਖ ਜੀਵਨ ਦਾ ਸੋਮਾ ਹਨ। ਮਨੁੱਖ ਦੀ ਤੰਦਰੁਸਤੀ ਦਾ ਸਾਧਨ ਹਨ। ਸਿਆਣੇ ਬਜ਼ੁਰਗ ਆਖਦੇ ਸਨ 'ਇਕ ਰੁੱਖ ਸੌ ਸੁੱਖ' ਅਤੇ 'ਰੁੱਖ ਨਹੀਂ ਤਾਂ ਮਨੁੱਖ ਨਹੀਂ।' ਰੁੱਖਾਂ ਨੂੰ ਮਾਨਵੀ ਜੀਵਨ ਦਾ ਮਹੱਤਵ ਪੂਰਨ ਅੰਗ ਮੰਨਦਿਆਂ ਹੀ ਸਿਆਣੇ ਲੋਕਾਂ ਨੇ ਰੁੱਖਾਂ ਨੂੰ ਦੇਵਤਿਆਂ ਦਾ ਦਰਜਾ ਦੇ ਕੇ ਉਨ੍ਹਾਂ ਨੂੰ ਵੱਢਣ ਤੋਂ ਮਨਾਹੀ ਕੀਤੀ ਹੈ। ਰੁੱਖ ਮਨੁੱਖੀ ਜੀਵਨ ਦੀ ਮੁੱਢਲੀ ਲੋੜ ਆਕਸੀਜਨ ਦੇ ਭੰਡਾਰ ਹਨ। ਮਨੁੱਖ ਹੋਰ ਖੁਰਾਕ ਤੋਂ ਬਗੈਰ ਕੁਝ ਸਮਾਂ ਜਿਉਂਦਾ ਰਹਿ ਸਕਦਾ ਹੈ, ਪਰ ਆਕਸੀਜਨ ਬਿਨਾਂ ਪਲ ਭਰ ਵੀ ਜੀਵਤ ਨਹੀਂ ਰਹਿ ਸਕਦਾ। ਰੁੱਖ, ਮਨੁੱਖ ਲਈ ਸਾਹ ਰੂਪੀ ਅੰਮ੍ਰਿਤ ਦਾ ਸੋਮਾ ਹਨ। ਇਸ ਲਈ ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਰੁੱਖਾਂ ਵੱਲੋਂ ਵੰਡੀ ਜਾ ਰਹੀ ਆਕਸੀਜਨ ਦੀ ਵਡਿਆਈ ਕਰਦਿਆਂ ਲਿਖਿਆ ਹੈ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ॥

ਗੁਰੂ ਸਾਹਿਬਾਨ ਨੇ ਹਵਾ ਨੂੰ 'ਗੁਰੂ ਪਦ' ਦਾ ਸਤਿਕਾਰ ਦਿੰਦਿਆਂ ਪਾਣੀ ਨੂੰ 'ਪਿਤਾ' ਤੇ ਧਰਤੀ ਨੂੰ 'ਮਾਂ' ਦਾ ਦਰਜਾ ਦਿੱਤਾ ਹੈ। ਧਰਤੀ ਦੀ ਕੁੱਖ ਵਿੱਚ ਰੁੱਖ ਦਾ ਬੀਜ ਹਵਾ, ਪਾਣੀ ਅਤੇ ਪ੍ਰਕਾਸ਼ ਭਾਵ ਸੂਰਜ ਦੀ ਤਪਸ਼ ਦੀ ਪ੍ਰਕਿਰਿਆ ਨਾਲ ਆਪਣਾ ਸੰਜੀਵ ਰੁੱਖ ਰੂਪ ਧਾਰ ਕੇ ਕੁਦਰਤੀ ਨਿਆਮਤਾਂ ਫੁੱਲ ਤੇ ਫਲ ਵੰਡਣ ਦੇ ਯੋਗ ਹੁੰਦਾ ਹੈ। ਇਹ ਸਾਰੀਆਂ ਨਿਆਮਤਾਂ ਮਾਨਵੀ ਜੀਵਨ ਲਈ ਅੰਮ੍ਰਿਤ ਹਨ। ਇਸ ਲਈ ਜਦੋਂ ਕੋਈ ਮਨੁੱਖ ਧਰਤੀ 'ਤੇ ਆਉਂਦਾ ਹੈ ਤਾਂ ਉਸ ਦਾ ਸੁਆਗਤ ਰੁੱਖਾਂ ਦੇ ਪੱਤਿਆਂ ਰੂਪੀ ਹਰਿਆਵਲ ਨਾਲ ਕੀਤਾ ਜਾਂਦਾ ਹੈ। ਹਰ ਬਾਲ ਦੇ ਜਨਮ ਮੌਕੇ ਘਰ ਦੇ ਮੁੱਖ ਦਰਵਾਜ਼ੇ 'ਤੇ ਨਿੰਮ, ਸਰੀਂਹ ਤੇ ਅੰਬ ਦੇ ਪੱਤਿਆਂ ਨੂੰ ਬੰਦ-ਨਵਾਰ ਦੇ ਰੂਪ ਵਿੱਚ ਸਜਾਇਆ ਜਾਂਦਾ ਹੈ। ਭਾਵੇਂ ਇਹ ਸੱਭਿਆਚਾਰਕ ਰਸਮ ਹੈ, ਪਰ ਨਿੰਮ ਹਵਾ ਨੂੰ ਸ਼ੁੱਧ ਕਰਨ ਵਾਲੇ ਤੇ ਔਸ਼ਧੀ ਦੇ ਗੁਣ ਵਾਲੇ ਰੁੱਖ ਦੇ ਤੌਰ 'ਤੇ ਮੰਨਿਆ ਜਾਂਦਾ ਹੈ। ਅਜਿਹਾ ਘਰ ਵਿੱਚ ਜਨਮ ਲੈਣ ਵਾਲੇ ਬਾਲ ਦੇ ਚੌਗਿਰਦੇ ਦੇ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਕੀਤਾ ਜਾਂਦਾ ਹੈ।

ਪੁਰਾਣੇ ਸਮੇਂ ਵਿੱਚ ਰੁੱਖਾਂ ਦੀ ਬਹੁਤਾਤ ਸੀ। ਆਯੁਰਵੈਦ ਅਨੁਸਾਰ ਭਾਰਤ ਵਿੱਚ ਮਨੁੱਖ ਨੂੰ ਰੋਗਾਂ ਤੋਂ ਬਚਾਉਣ ਲਈ ਹਰ ਦਵਾਈ ਰੁੱਖਾਂ ਤੋਂ ਲਈ ਜਾਂਦੀ ਸੀ। ਘਰ ਪਰਵਾਰ ਤੰਦਰੁਸਤ ਤੇ ਨਰੋਆ ਰੱਖਣ ਲਈ ਦਾਦੀਆਂ, ਮਾਵਾਂ ਆਪਣੇ ਘਰ, ਆਂਢ ਗੁਆਂਢ ਤੇ ਖੇਤਾਂ ਵਿੱਚ ਉਗਾਏ ਰੁੱਖਾਂ ਤੋਂ ਫਲ, ਫੁੱਲ, ਪੱਤੇ, ਛਿੱਲ, ਗਿਟਕਾਂ ਆਦਿ ਲੈ ਕੇ ਘਰੇਲੂ ਨੁਸਖਿਆਂ ਨਾਲ ਦਵਾਈਆਂ ਤਿਆਰ ਕਰ ਲੈਂਦੀਆਂ ਸਨ, ਜਿਨ੍ਹਾਂ ਨੂੰ ਅੱਜ 'ਦਾਦੀ ਮਾਂ ਦੇ ਨੁਸਖਿਆਂ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਅਜਿਹੇ ਗੁਣਕਾਰੀ ਰੁੱਖਾਂ ਵਿੱਚ ਆਂਵਲਾ, ਹਰੜ, ਬਹੇੜਾ, ਜਾਮਣ, ਸੁਹਾਜਣਾਂ, ਬੇਲ ਪੱਤਾ, ਅਸਵਗੰਧਾ, ਗੁੱਗਲ, ਅਲਸਫਲੀ, ਨਿੰਮ, ਮਿੱਠੀ ਨਿੰਮ, ਕਿੱਕਰ, ਬਰੋਟਾ, ਪਿੱਪਲ, ਸਹਿਤੂਤ, ਖਜੂਰ, ਅਖਰੋਟ, ਅਰਜਨ ਦਾ ਜ਼ਿਕਰ ਆਉਂਦਾ ਹੈ। ਇਸ ਤੋਂ ਬਿਨਾਂ ਅਨੇਕਾਂ ਪ੍ਰਕਾਰ ਦੀ ਹਰਿਆਵਲ ਤੇ ਜੜ੍ਹੀ ਬੂਟੀਆਂ ਨੂੰ ਸਿਹਤ ਵਰਧਕ ਪੌਦੇ ਵਜੋਂ ਉਗਾਇਆ ਜਾਂਦਾ ਸੀ। ਅਲਸੀ, ਤਿਲ, ਸੌਂਫ, ਅਜਵਾਇਣ, ਮੇਥੀ, ਹਲਦੀ, ਅਦਰਕ, ਤੁਲਸੀ, ਦਾਲਚੀਨੀ ਮਨੁੱਖ ਨੂੰ ਤੰਦਰੁਸਤ ਰੱਖਣ ਵਿੱਚ ਸਹਾਈ ਹੋਣ ਵਾਲੇ ਦਵਾਈ ਰੂਪੀ ਪੌਦੇ ਹਨ। ਅੱਜ ਆਧੁਨਿਕਤਾ ਤੇ ਵਿਕਾਸ ਦੀ ਦੌੜ ਵਿੱਚ ਅਸੀਂ ਆਪਣੇ ਬਜ਼ੁਰਗਾਂ ਦੀਆਂ ਇਨ੍ਹਾਂ ਚੰਗੀਆਂ ਰਵਾਇਤਾਂ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਇਹ ਸਭ ਦਵਾਈਆਂ ਰੂਪੀ ਪੌਦੇ ਤੇ ਰੁੱਖ ਮਨੁੱਖ ਦੀ ਤੰਦਰੁਸਤੀ ਲਈ ਲਾਭਦਾਇਕ ਸਨ, ਘਰ ਦੀ ਬਗੀਚੀ ਜਾਂ ਪਿੰਡ ਦੇ ਕਿਸੇ ਖੂਹ 'ਤੇ ਲੱਗੇ ਹੁੰਦੇ ਸਨ। ਅੱਜ ਅਸੀਂ ਇਨ੍ਹਾਂ ਨੂੰ ਘਰੇਲੂ ਬਗੀਚੀਆਂ ਵਿੱਚ ਬੀਜਣ ਤੋਂ ਅਵੇਸਲੇ ਹੋ ਗਏ ਹਾਂ। ਸਾਡੇ ਬਜ਼ੁਰਗਾਂ ਦੀ ਚੰਗੀ ਸਿਹਤ ਤੇ ਤੰਦਰੁਸਤ ਸਰੀਰ ਦਾ ਇਹ ਹੀ ਰਾਜ ਸੀ ਕਿ ਉਹ ਕੁਦਰਤ ਨਾਲ ਜੁੜੇ ਹੋਏ ਸਨ। ਅਸੀਂ ਆਧੁਨਿਕਤਾ ਦੇ ਰਾਹ ਚੱਲਦਿਆਂ ਔਸ਼ੋਧੀ ਯੁਕਤ ਰੁੱਖਾਂ ਤੇ ਜੜ੍ਹੀ ਬੂਟੀਆਂ ਨੂੰ ਬੀਜਣ ਤੋਂ ਵਿਸਾਰ ਕੇ ਕੁਦਰਤ ਤੋਂ ਦੂਰ ਜਾ ਚੁੱਕੇ ਹਾਂ। ਲੋਕ ਸਿਆਪਾਂ ਦੇ ਰੂਪ ਵਿੱਚ ਟੋਟਕਾ ਪ੍ਰਚੱਲਿਤ ਹੈ:

ਸੌਂਫ, ਅਜਵਾਇਣ, ਦਾਲਚੀਨੀ
ਨੂੰ ਭੁੱਲ ਨਾ ਜਾਈਂ।
ਆਂਵਲਾ, ਹਰੜ, ਬਰੇੜੇ ਨੂੰ ਤੂੰ
ਰਗੜ ਕੇ ਖਾਈਂ।
ਵੈਦ ਨੂੰ ਫਿਰ ਉਕਾ ਹੀ ਤੂੰ
ਮਨ 'ਚੋਂ ਭੁਲਾਈਂ।

ਅਜੋਕਾ ਯੁੱਗ ਵਿਕਾਸਮੁਖੀ ਹੈ। ਪਿੰਡ, ਸ਼ਹਿਰਾਂ ਦਾ ਰੂਪ ਧਾਰਨ ਕਰ ਰਹੇ ਹਨ। ਪਗਡੰਡੀਆਂ, ਰਾਹ, ਰਸਤੇ, ਸੜਕਾਂ ਚਹੁੰ ਮਾਰਗੀ ਹੋ ਰਹੇ ਹਨ। ਕਿਸਾਨ ਅੰਨਦਾਤਾ ਅਖਵਾਉਂਦ ਹਰੀ ਤੇ ਚਿੱਟੀ ਕ੍ਰਾਂਤੀ ਕਰਕੇ ਜੱਸ ਖੱਟ ਰਿਹਾ ਹੈ। ਉਸ ਨੇ ਵਧੇਰੇ ਉਪਜ ਦੇ ਲਾਲਚ ਵਿੱਚ ਖੇਤਾਂ ਅਤੇ ਉਨ੍ਹਾਂ ਦੇ ਵਟ ਬੰਨਿਆਂ 'ਤੇ ਲੱਗੇ ਰੁੱਖ ਪੁੱਟ ਦਿੱਤੇ ਹਨ। ਅਜਿਹਾ ਰੁਝਾਨ ਚਹੁੰ ਮਾਰਗੀ ਸੜਕਾਂ ਬਣਾਉਣ ਵੇਲੇ ਵੀ ਦੇਖਣ ਵਿੱਚ ਆਇਆ ਹੈ। ਜੇ ਅੱਜ ਚੌੜੀਆਂ ਸੜਕਾਂ ਬਿਨਾਂ ਨਹੀਂ ਸਰਦਾ ਤਾਂ ਮਨੁੱਖੀ ਜੀਵਨ ਵਿੱਚ ਰੁੱਖ ਤਾ ਇਸ ਤੋਂ ਜ਼ਿਆਦਾ ਜ਼ਰੂਰੀ ਹਨ। ਸੜਕਾਂ ਨੂੰ ਮਨੁੱਖ ਨੇ ਵਰਤਣਾ ਹੈ। ਇਸ ਲਈ ਧਰਤੀ 'ਤੇ ਮਨੁੱਖ ਦੀ ਹੋਂਦ ਜ਼ਰੂਰੀ ਹੈ, ਜੋ ਕਿ ਰੁੱਖਾਂ ਨਾਲ ਹੀ ਸੰਭਵ ਹੈ।

ਪੰਜਾਬ ਅਜਿਹਾ ਰਾਜ ਹੈ, ਜਿਥੇ ਜੰਗਲਾਂ ਹੇਠ ਬਹੁਤ ਘੱਟ ਰਕਬਾ ਹੈ। ਜੇ ਅਸੀਂ ਇਸ ਰਕਬੇ ਨੂੰ ਵਧਾ ਨਹੀਂ ਸਕਦੇ ਤਾਂ ਰੁੱਖਾਂ ਨੂੰ ਵੱਢਣ ਤੋਂ ਪਹਿਲਾਂ ਲੋਕਾਂ ਨੂੰ ਹੋਰ ਰੁੱਖ ਲਾਉਣ ਦੀ ਪ੍ਰੇਰਨਾ ਦੇ ਸਕਦੇ ਹਾਂ। ਹਰ ਪਿੰਡ ਦੇ ਲੋਕਾਂ ਨੂੰ ਆਪਣੇ ਘਰ, ਸੱਥਾਂ, ਸਾਂਝੀਆਂ ਥਾਵਾਂ ਤੇ ਖੇਤਾਂ ਦੇ ਬੰਨਿਆਂ 'ਤੇ ਪੌਦੇ ਲਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਜੇ ਰੁੱਖ ਹੋਣਗੇ ਤਾਂ ਪੰਛੀ ਤੇ ਹੋਰ ਜੀਵ ਜੰਤੂ ਪੈਦਾ ਹੋਣਗੇ। ਧਰਤੀ 'ਤੇ ਸਭ ਪ੍ਰਜਾਤੀਆਂ ਨੂੰ ਤੰਦਰੁਸਤ ਜੀਵਨ ਪ੍ਰਦਾਨ ਕਰਨ ਲਈ ਰੁੱਖਾਂ ਦਾ ਹੋਣਾ ਜ਼ਰੂਰੀ ਹੈ। ਰੁੱਖ ਬੱਦਲਾਂ ਨੂੰ ਵੀ ਬੁਲਾ ਲਿਆਉਣਗੇ। ਰੁੱਖ ਧਰਤੀ ਦੇ ਤਾਪਮਾਨ ਨੂੰ ਵੀ ਸਮਤਲ ਰੱਖਦੇ ਹਨ। ਸਾਨੂੰ ਆਪਣੇ ਆਪ ਨੂੰ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਤੰਦਰੁਸਤ ਰੱਖਣ ਲਈ ਪੌਦੇ ਲਗਾਉਣੇ ਅਤਿ ਜ਼ਰੂਰੀ ਹਨ। ਜੇ ਰੁੱਖ ਹੋਣਗੇ ਤਾਜ਼ੀ ਹਵਾ ਹੋਵੇਗੀ। ਆਕਸੀਜਨ ਦਾ ਭੰਡਾਰ ਹੋਵੇਗਾ, ਜਿਸ ਨਾਲ ਜੀਵਨ ਵਿੱਚ ਨਿਰੰਤਰਤਾ ਬਣੀ ਰਹੇਗੀ। ਵਿਕਾਸ ਦੀਆਂ ਗਤੀਵਿਧੀਆਂ ਕਾਰਨ ਧ੍ਰਤੀ 'ਤੇ ਦਿਨੋ-ਦਿਨ ਪ੍ਰਦੂਸ਼ਣ ਵਧ ਰਿਹਾ ਹੈ। ਜੀਵਨ ਲਈ ਪ੍ਰਦੂਸ਼ਣ ਦੇ ਹਾਨੀਕਾਰਕ ਤੱਤਾਂ ਨੂੰ ਰੁੱਖ ਆਪਣੇ ਆਪ ਵਿੱਚ ਜੀਰਨ ਦੀ ਸਮਰੱਥਾ ਰੱਖਦੇ ਹਨ। ਪੰਜਾਬ ਨੂੰ ਰੁੱਖਾਂ ਨਾਲ ਹਰਾ ਭਰਾ ਕਰਕੇ ਹੀ ਅਸੀਂ ਤੰਦਰੁਸਤ ਪੰਜਾਬ ਦੀ ਤਵੱਕੋ ਕਰ ਸਕਦੇ ਹਾਂ। ਇਸ ਲਈ ਪੰਜਾਬੀ ਲੋਕ ਗੀਤ ਦੀ ਕੋਈ ਰਚੇਤਾ ਮੁਟਿਆਰ ਪੌਦੇ ਲਾਉਣ ਦਾ ਸੁਨੇਹਾ ਦੇ ਰਹੀ ਹੈ:

ਕਿਤੇ ਤਾਂ ਲਾਉਨੀ ਆਂ ਟਾਹਲੀਆਂ।
ਪੱਤਾਂ ਵਾਲੀਆਂ ਮੈਂ ਲੋੜਦੀ ਛਾਵਾਂ।
ਛਾਵਾਂ ਜਿਹਦੇ ਲਈ ਲੋੜਦੀ,
ਦੇ ਗਿਆ ਭੁਲਾਵਾਂ, ਨੈਣੋਂ ਨੀਰ ਵਗਾਵਾਂ।
ਕਿਤੇ ਤਾਂ ਲਾਉਨੀ ਆ ਟਾਹਲੀਆਂ..

ਵਣ ਮਹਾਉਤਸਵ ਇਕ ਰਸਮ ਨਹੀਂ ਚਾਹੀਦਾ, ਇਸ ਮੌਕੇ ਹਰ ਮਨੁੱਖ ਹਰ ਵਰ੍ਹੇ ਇਕ ਪੌਦਾ ਲਾਵੇ ਅਤੇ ਉਸ ਨੂੰ ਪਾਲਣ ਤੇ ਸੰਭਾਲਣ ਦੀ ਜ਼ਿੰਮੇਵਾਰੀ ਨਿਭਾਵੇ ਤਾਂ ਲਾਹੇਵੰਦਾ ਹੈ। ਹਰ ਮਨੁੱਖ ਨੂੰ ਦੁਨੀਆ ਤੋਂ ਵਿਦਾਇਗੀ ਲੈਣ ਮੌਕੇ ਰੁੱਖਾਂ ਦੀ ਲੋੜ ਪੈਂਦੀ ਹੈ। ਇਸ ਸੱਚਾਈ ਨੂੰ ਮੁੱਖ ਰੱਖਦੇ ਹੋਏ ਹਰ ਮਨੁੱਖ ਦਾ ਇਸ ਸ਼ੁਭ ਕਾਰਜ ਵਿੱਚ ਹਿੱਸਾ ਪਾਉਣ ਦਾ ਮੁੱਢਲਾ ਫਰਜ਼ ਬਣਦਾ ਹੈ। ਹਰਾ ਭਰਿਆ ਪੰਜਾਬ ਹੀ ਤੰਦਰੁਸਤ ਪੰਜਾਬ ਦਾ ਮਾਣ ਪ੍ਰਾਪਤ ਕਰ ਸਕਦਾ ਹੈ।

ਤੰਦਰੁਸਤ ਜੀਵਨ ਦੀ ਲੋੜ ਹੈ ਭਾਰੀ
ਧਰਤੀ ਮੰਗਦੀ ਏ ਹਰੀ ਫੁਲਕਾਰੀ।

## ਵਿਅੰਗ:

# ਆਜ ਮੌਸਮ ਬੜਾ ਬੇਈਮਾਨ ਹੈ

-ਮਦਨ ਗੁਪਤਾ ਸਪਾਟੂ

ਮੌਸਮ ਮੰਨਣ ਦਾ ਨਾਂਅ ਨਹੀਂ ਲੈ ਰਿਹਾ। ਜਿੱਥੇ ਦੇਖੋ, ਪਾਣੀ ਹੀ ਪਾਣੀ ਹੈ। ਕੇਰਲ ਹੋਵੇ ਜਾਂ ਹਿਮਾਚਲ, ਮੌਸਮ ਲਈ ਸਾਰੇ ਸੂਬੇ ਬਰਾਬਰ ਹਨ। ਸਾਡਾ ਸ਼ਹਿਰ ਵੀ ਮੌਸਮ ਦੀ ਮਾਰ ਤੋਂ ਨਹੀਂ ਬਚ ਸਕਿਆ। ਮੁਹੱਲੇ ਦੇ ਖੁੰਜੇ ਸਵੀਮਿੰਗ ਪੂਲ ਬਣ ਗਏ ਤੇ ਸੜਕਾਂ ਛੋਟੀਆਂ-ਛੋਟੀਆਂ ਨਹਿਰਾਂ। ਅਜਿਹੀ ਹਾਲਤ ਵਿੱਚ ਕਿਸ ਦਾ ਮਨ ਬਿਸਤਰੇ 'ਚ ਬੈਠੇ ਬੈਠੇ ਪਕੌੜੇ ਖਾਣ ਦਾ ਨਹੀਂ ਹੁੰਦਾ ਅਤੇ ਬੁਖਾਰ ਦਾ ਬਹਾਨਾ ਬਣਾ ਕੇ ਪਤਨੀ ਨਾਲ ਗੱਲਾਂ ਕਰਨ ਦਾ? ਪਰ ਹਾਏ ਹਾਏ ਇਹ ਮਜਬੂਰੀ। ਇਹ ਮੌਸਮ, ਇਹ ਪ੍ਰਾਈਵੇਟ ਨੌਕਰੀ। ਬੌਸ ਦਾ ਫੋਨ ਆ ਗਿਆ ਕਿ ਅੱਜ ਸਮੇਂ ਤੋਂ ਪਹਿਲਾਂ ਪਹੁੰਚਣਾ ਹੈ। ਮਰਦਾ ਕੀ ਨਹੀਂ ਕਰਦਾ। ਬਾਬੂ ਰਾਮ ਲਾਲ ਨੇ ਆਪਣੀ ਗੱਡੀ ਚੁੱਕੀ ਤੇ ਪਾਣੀ ਚੀਰਦੇ ਹੋਏ ਮੇਨ ਰੋਡ 'ਤੇ ਆ ਗਏ। ਇਥੇ ਆ ਕੇ ਪਤਾ ਲੱਗਾ ਕਿ ਉਹ ਇਸ ਦੁਨੀਆ ਵਿੱਚ ਇਕੱਲੇ ਵਿਅਕਤੀ ਨਹੀਂ, ਜਿਨ੍ਹਾਂ ਦੇ ਬੌਸ ਨਾ ਖੁਦ ਘਰ ਬੈਠਦੇ ਹਨ ਤੇ ਨਾ ਅਜਿਹੇ ਮੌਸਮ 'ਚ ਕਿਸੇ ਨੂੰ ਬੈਠਣ ਦਿੰਦੇ ਹਨ। ਟਰੈਫਿਕ ਹੌਲੀ-ਹੌਲੀ ਖਿਸਕ ਰਿਹਾ ਸੀ, ਪਰ ਉਸ ਦਾ ਮੋਬਾਈਲ ਉਸ ਤੋਂ ਵੱਧ ਆਵਾਜ਼ 'ਚ ਟਣਕ ਰਿਹਾ ਸੀ। ਰਾਮ ਲਾਲ ਅਜੇ ਬੌਸ ਨੂੰ ਦੱਸ ਰਿਹਾ ਸੀ ਕਿ ਉਹ ਦੇਵੀ ਲਾਲ ਚੌਕ ਪਾਰ ਕਰ ਗਏ ਹਨ। ਇਧਰ ਸਿਗਨਲ ਲਾਲ, ਉਧਰ ਬੌਸ ਲਾਲ ਅਤੇ ਵਿਚਕਾਰ ਫਸਿਆ ਰਾਮ ਲਾਲ।

ਪਤਾ ਨਹੀਂ ਕਦੋਂ ਕਾਰ ਕਰ ਗਈ ਲਾਲ ਸਿਗਨਲ ਕ੍ਰਾਸ। ਉਦੋਂ ਹੀ ਪੁਲਸ ਵਾਲਾ ਸਪਾਈਡਰਮੈਨ ਦੀ ਤਰ੍ਹਾਂ ਉਸ ਦੀ ਕਾਰ ਦੇ ਬੋਨਟ 'ਤੇ ਆ ਟਪਕਿਆ। ਬਾਬੂ ਰਾਮ ਲਾਲ ਸਮਝ ਗਿਆ ਕਿ ਇਸ ਨੇ ਗੱਡੀ ਡਰਾਈਵ ਕਰਦੇ ਹੋਏ ਉਸ ਨੂੰ ਦੂਰ ਤੋਂ ਹੀ ਬੁੱਲ੍ਹ ਹਿਲਾਉਂਦੇ ਹੋਏ ਦੇਖ ਕੇ ਫੋਨ ਸੁਣਦੇ ਹੋਏ ਨੋਟ ਕਰ ਲਿਆ ਹੈ। ਅੱਖਾਂ 'ਚ ਚਮਕ ਅਤੇ ਮੁੱਛਾਂ ਨੂੰ ਤਾਅ ਦਿੰਦੇ ਹੋਏ ਉਹ ਕਹਿਣ ਲੱਗਾ, 'ਚਲਤੀ ਗਾੜੀ ਮਾ ਫੋਨ ਕਰੇ ਸੈਂ? ਬਾਬੂ ਰਾਮ ਲਾਲ ਨੇ ਮੁਸਕਰਾਉਂਦੇ ਹੋਏ ਕਿਹਾ, 'ਜਨਾਬ ਮੇਰੇ ਹੱਥ 'ਚ ਫੋਨ ਕਿੱਥੇ। ਮੈਂ ਗਾਣਾ ਗਾ ਰਿਹਾ ਸੀ 'ਆਜ ਮੌਸਮ ਬਾ ਬੇਈਮਾਨ' ਹੈ।' ਉਧਰ ਪੁਲਸ ਵਾਲਾ ਵੀ ਗਾਣੇ ਦਾ ਮੁਰੀਦ ਨਿਕਲਿਆ ਅਤੇ ਉਸ ਨੇ ਗਾਣੇ ਦੀ ਲਾਈਨ ਪੂਰੀ ਕਰਦੇ ਹੋਏ ਕਿਹਾ, 'ਆਜ ਮੌਸਮ ਬੜਾ ਬੇਈਮਾਨ ਹੈ, ਆਨੇ ਵਾਲਾ ਕੋਈ ਤੂਫਾਨ ਹੈ' ਅਤੇ ਉਸ ਨੇ ਜਾਣ ਦਾ ਇਸ਼ਾਰਾ ਕਰ ਦਿੱਤਾ। ਬਾਬੂ ਰਾਮ ਲਾਲ ਨੇ ਪਹਿਲਾਂ ਤਾਂ ਮਨ ਹੀ ਮਨ ਧਰਮ ਭਾਅ ਜੀ ਦਾ ਧੰਨਵਾਦ ਕੀਤਾ ਤੇ ਫਿਰ ਰਫੀ ਸਾਹਿਬ ਦਾ ਕਿ ਕਿੰਨਾ ਰੋਮਾਂਟਿਕ ਗਾਣਾ ਗਾਇਆ ਹੈ, ਜੋ ਕਿਸੇ ਵੀ ਸਿਚੁਏਸ਼ਨ 'ਚ ਇਸਤੇਮਾਲ ਕੀਤਾ ਜਾ ਸਕਦਾ ਹੈ।

ਨਾ ਮੌਸਮ ਮੰਨਿਆ ਤੇ ਨਾ ਬੌਸ। ਮੀਂਹ ਕਾਰਨ ਸੜਕਾਂ ਨਾਲੇ ਬਣਦੀਆਂ ਰਹੀਆਂ। ਸੜਕਾਂ 'ਤੇ ਆਵਾਜਾਈ ਰੀਂਗਦੀ ਰਹੀ। ਅਜਿਹੀ ਹੀ ਸਥਿਤੀ 'ਚ ਇਕ ਦਿਨ ਫਿਰ ਬਾਬੂ ਆ ਗਏ ਕਾਬੂ। ਅੱਗੇ ਪੁਲਸਮੈਨ, ਪਿੱਛੇ ਟਰੈਫਿਕ, ਕੰਨ 'ਚ ਬੌਸ ਦੇ ਕੜਕਦੇ ਬੋਲ। ਸੁਣੋ ਤਾਂ ਪੁਲਸ ਆਈ, ਨਾ ਸੁਣੋ ਤਾਂ ਨੌਕਰੀ ਗਈ। ਬੌਸ ਦੇ ਮਿੱਠੇ ਬੋਲ ਸ਼ੁਰੂ ਹੋ ਗਏ। ਅਜੇ ਇਨਾ ਹੀ ਦੱਸਣ ਲੱਗੇ ਸਨ ਕਿ ਦੇਵੀ ਲਾਲ ਚੌਕ, ਉਦੋਂ ਉਹੀ ਪੁਲਸ ਵਾਲਾ ਪਤਾ ਨਹੀਂ ਕਿੱਥੋਂ ਪ੍ਰਗਟ ਹੋ ਗਿਆ। ਬਾਬੂ ਰਾਮ ਲਾਲ ਨੇ ਖਿੜਕੀ ਦਾ ਸ਼ੀਸ਼ਾ ਖਿਸਕਾਇਆ। ਸਾਰਕ ਦੀ ਤਰ੍ਹਾਂ ਗਰਦਨ ਨੂੰ ਬਾਹਰ ਲਟਕਾਇਆ ਅਤੇ ਪੁਰਾਣੀ ਇੰਟਰੋਡਕਸਨ ਨੂੰ ਅੱਖਾਂ-ਅੱਖਾਂ 'ਚ ਪ੍ਰਗਟਾਇਆ ਤੇ ਗਾਣਾ ਸੁਣ-ਾਇਆ। 'ਆਸ ਮੌਸਮ ਬੜਾ ਬੇਈਮਾਨ ਹੈ'। ਉਧਰੋਂ ਇੱਕ ਸਲਿੱਪ ਫੜਾਉਂਦੇ ਹੋਏ ਪੁਲਸ ਵਾਲਾ ਗਾਉਣ ਲੱਗਾ, 'ਆਨੇ ਵਾਲਾ ਕੋਈ ਤੂਫਾਨ ਹੈ। ਬੱਸ ਦੋ ਹਜ਼ਾਰ ਕਾ ਚਲਾਨ ਹੈ...।'

# ਬਾਲੋ ਮਾਹੀਆ ਕਿੱਸੇ ਦੀ ਸ਼ਹਿਜ਼ਾਦੀ

-ਮਨਦੀਪ ਸਿੰਘ ਸਿੱਧੂ

ਟਾਂਗੇ ਉਤੇ ਬਹਿ ਕੇ ਉਹ ਖੁਦ ਨੂੰ ਕਿਸੇ ਸ਼ਹਿਜ਼ਾਦੀ ਤੋਂ ਘੱਟ ਨਹੀਂ ਸਮਝਦੀ ਸੀ। ਇਕ ਦਿਨ ਟਾਂਗੇ ਵਾਲਾ ਨਹੀਂ ਆਇਆ ਤੇ ਉਸ ਨੇ ਆਪਣੇ ਪੁੱਤਰ ਨੂੰ ਭੇਜ ਦਿੱਤਾ। ਟਾਂਗੇ ਉਤੇ ਬਹਿਣ ਵੇਲੇ ਉਸ ਨੇ ਪੁੱਛਿਆ, 'ਬਾਬਾ ਜੀ ਨਹੀਂ ਆਏ।' ਟਾਂਗੇ ਵਾਲੇ ਗੱਭਰੂ ਨੇ ਜਵਾਬ ਦਿੱਤਾ 'ਅੱਜ ਕੱਲ੍ਹ ਉਨ੍ਹਾਂ ਕੋਲੋਂ ਕੰਮ ਨਹੀਂ ਹੁੰਦਾ ਤੇ ਅੱਜ ਤੋਂ ਮੈਂ ਹੀ ਤੁਹਾਨੂੰ ਸਕੂਲ ਛੱਡ ਕੇ ਆਇਆ ਕਰਾਂਗਾ।' ਉਸ ਮੁਟਿਆਰ ਨੂੰ ਕੀ ਪਤਾ ਸੀ ਕਿ ਟਾਂਗੇ 'ਤੇ ਬਿਠਾ ਕੇ ਉਸ ਨੂੰ ਰੋਜ਼ ਸਕੂਲ ਛੱਡਣ ਵਾਲਾ ਜਵਾਨ ਇਕ ਦਿਨ ਉਸ ਦਾ ਖਾਵੰਦ ਬਣੇਗਾ। ਇੰਜ ਕਰਦਿਆਂ ਕਈ ਮਹੀਨੇ ਲੰਘ ਗਏ। ਹੌਲੀ-ਹੌਲੀ ਇਸ਼ਕ ਨੇ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਉਹ ਮੁਟਿਆਰ ਸਕੂਲ ਦੀ ਤਾਲੀਮ ਵਿਚੇ ਛੱਡ ਮੁਹੱਬਤ ਦਾ ਸਬਕ ਪੜ੍ਹਨ ਲੱਗੀ। ਇੰਜ ਦੋਵਾਂ ਦੇ ਇਸ਼ਕ ਦੀਆਂ ਬਾਤਾਂ ਘਰ-ਘਰ ਪੈਣ ਲੱਗੀਆਂ। ਇਸ ਲਈ ਘਰ ਵਾਲਿਆਂ ਨੇ ਉਸ ਦਾ ਸਕੂਲ ਛੁਡਾ ਦਿੱਤਾ।

ਇਸ ਖੂਬਸੂਰਤ ਪੰਜਾਬਾਣ ਦਾ ਨਾਂ ਸੀ ਇਕਬਾਲ ਬੇਗਮ ਉਰਫ 'ਬਾਲੋ'। ਉਸ ਦਾ ਜਨਮ 1910 ਵਿੱਚ ਗੁਜਰਾਤ ਦੇ ਸਰਦੇ ਪੁੱਜਦੇ ਤੇ ਪੜ੍ਹੇ ਲਿਖੀ ਪੰਜਾਬੀ ਮੁਸਲਿਮ ਪਰਵਾਰ ਵਿੱਚ ਹੋਇਆ ਸੀ। ਘਰ ਵਾਲੇ ਇਸ ਨੂੰ ਪਿਆਰ ਨਾਲ 'ਬਾਲੋ' ਕਹਿ ਕੇ ਬੁਲਾਉਂਦੇ ਸਨ। ਇਨ੍ਹਾਂ ਦੇ ਘਰ ਨੂੰ ਲੋਕ 'ਵਕੀਲਾਂ ਦਾ ਘਰ' ਆਖਦੇ ਸਨ, ਕਿਉਂਕਿ ਉਸ ਦੇ ਪਿਓ ਦਾ ਇਲਾਕੇ ਵਿੱਚ ਬੜਾ ਰਸੂਖ ਸੀ। ਜਵਾਨ ਹੋਈ ਤਾਂ ਟਾਂਗੇ ਵਾਲੇ ਗੱਭਰੂ ਮੁਹੰਮਦ ਅਲੀ ਉਰਫ 'ਮਾਹੀਆ' ਦੀ ਮੁਹੱਬਤ ਵਿੱਚ ਪੈ ਗਈ। ਦੋਵੇਂ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਦਾ ਪਿਆਰ ਐਨੀ ਆਸਾਨੀ ਨਾਲ ਤੋੜ ਚੜ੍ਹਨ ਵਾਲਾ ਨਹੀਂ। ਇਸ ਲਈ ਮੁਹੱ-ਬਤ ਦਿਆਂ ਮਾਰਿਆਂ ਨੇ ਬਿਨਾਂ ਪਰਵਾਹ ਕੀਤਿਆਂ ਘਰੋਂ ਭੱਜਣ ਦਾ ਮਨ ਬਣਾ ਲਿਆ। ਇਕ ਦਿਨ ਘਰੋਂ ਪੈਸਾ ਧੇਲਾ ਲੈ ਕੇ ਉਹ ਟਾਂਗੇ ਵਾਲੇ ਮੁਹੰਮਦ ਅਲੀ ਨਾਲ ਨੱਸ ਗਈ। ਸ਼ਰਮ ਦੇ ਮਾਰੇ ਮਾਪਿਆਂ ਨੇ ਧੀ ਦਾ ਪਿੱਛਾ ਕਰਨਾ ਛੱਡ ਦਿੱਤਾ।

ਦੋਵੇਂ ਰੱਜ ਕੇ ਸੋਹਣੇ ਤੇ ਮੁਹੱਬਤ ਪਾਰੋਂ ਸੱਚੇ ਤੇ ਸੁੱਚੇ ਆਸ਼ਕ ਸਨ ਅਤੇ ਦੋਵਾਂ ਦੀ ਮਿੱਠੜੀ ਆਵਾਜ਼ ਦਿਲਾਂ ਨੂੰ ਧੂਹ ਪਾਉਂਦੀ ਸੀ। ਇਸ ਤਰ੍ਹਾਂ ਦੋਵੇਂ ਘੁੰਮਦੇ ਫਿਰਦੇ ਪੇਂਡੂ ਮੇਲਿਆਂ ਦੇ ਮੰਚ 'ਤੇ ਪਹੁੰਚ ਕੇ ਗਾਉਣ ਲੱਗ ਪਏ। ਸੰਗੀਤ ਮੱਦਾਹਾਂ ਦੇ ਦਿਲਾਂ ਨੂੰ ਦੋਵਾਂ ਦੀ ਕਸ਼ਿਸ਼ ਭਰੀ ਆਵਾਜ਼ ਨੇ ਅਜਿਹਾ ਕੀਲਿਆ ਕਿ ਹਰ ਪਾਸੇ ਇਸ ਜੋੜੀ ਦੇ ਗੀਤਾਂ ਦੀ ਚਰਚਾ ਹੋਣ ਲੱਗੀ। ਵੇਖਦਿਆਂ-ਵੇਖਦਿਆਂ ਇਹ ਜੋੜੀ 'ਬਾਲੋ ਮਹੀਏ' ਦੇ ਨਾਂ ਨਾਲ ਐਨੀ ਮਸ਼ਹੂਰ ਤੇ ਮਕਬੂਲ ਹੋ ਗਈ ਕਿ ਇਨ੍ਹਾਂ ਦੀ ਮੁਹੱਬਤੀ ਦਾਸਤਾਨ ਲੋਕ ਗੀਤਾਂ ਦਾ ਰੂਪ ਬਣ ਕੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਈ

ਪਰ ਕਾਲੇ ਕਾਵਾਂ ਦੇ
ਟਾਂਗੇ ਉਤੇ ਚੜ੍ਹ ਬਾਲੋ, ਅਸੀਂ ਪੈਦਲ ਆਵਾਂਗੇ
ਪਈ ਸਿਖਰ ਦੋਪਹਿਰ ਦਿੱਸੇ
ਬਾਝੋਂ ਇੱਕ ਤੇਰੇ ਬਾਲੋ, ਸੁੰਞਾ ਸਾਰਾ ਸ਼ਹਿਰ ਦਿਸੇ।

ਇਨ੍ਹਾਂ ਦੋਵਾਂ ਦਾ ਇਸ਼ਕੀਆ ਅਫਸਾਨਾ ਐਨਾ ਮਸ਼ਹੂਰ ਤੇ ਮਕਬੂਰ ਹੋਇਆ ਕਿ 'ਬਾਲੋ ਮਾਹੀਆ' ਦੇ ਨਾਂ ਉੱਤੇ ਕਹਾਣੀਆਂ ਬਣ ਕੇ ਕਿਤਾਬਾਂ ਛਪਣੀਆਂ ਸ਼ੁਰੂ ਹੋ ਗਈਆਂ। ਲੋਕ ਮੇਲਿਆਂ ਤੋਂ ਇਹ ਕਿਤਾਬਾਂ ਖਰੀਦ ਕੇ ਪੜ੍ਹਦੇ ਸਨ। ਇਨ੍ਹਾਂ ਦੀ ਮਸ਼ਹੂਰੀ ਦਾ ਲਾਭ ਉਠਾ ਕੇ ਗਰਾਮੋਫੋਨ ਕੰਪਨੀਆਂ ਨੇ ਇਨ੍ਹਾਂ ਦੀਆਂ ਆਵਾਜ਼ਾਂ ਦੇ ਤਵੇ ਭਰਨੇ ਸ਼ੁਰੂ ਕਰ ਦਿੱਤੇ। ਫਿਰ ਇਹ ਆਵਾਜ਼ਾਂ ਫਿਲਮਸਾਜ਼ਾਂ ਦੇ ਕੰਨੀਂ ਜਾ ਪਈਆਂ ਤੇ ਉਨ੍ਹਾਂ ਨੇ ਇਨ੍ਹਾਂ ਦੇ ਫਨ ਦੀ ਵਰਤੋਂ ਫਿਲਮਾਂ 'ਚ ਕਰ ਲਈ, ਕਿਉਂਕਿ ਉਸ ਜ਼ਮਾਨੇ ਵਿੱਚ ਉਹੀ ਫਨਕਾਰ ਕਾਮਯਾਬੀ ਦਾ ਬਾਇਸ ਮੰਨੇ ਜਾਂਦੇ ਸਨ, ਜੋ ਸ਼ਕਲ ਪਾਰੋ ਸੁਨੱਖੇ ਤੇ ਆਵਾਜ਼ ਪਾਰੋ ਛਾ ਜਾਣ ਦੀ ਸਮਰੱਥਾ ਰੱਖਦੇ ਸਨ। ਇਹ ਦੋਵੇਂ ਖੂਬੀਆਂ ਇਸ ਜੋੜੀ ਵਿੱਚ ਮੌਜੂਦ ਸਨ।

ਇਕਬਾਲ ਬੇਗਮ ਉਰਫ ਬਾਲੋ ਦੀ ਪਹਿਲੀ ਪੰਜਾਬੀ ਫਿਲਮ ਇੰਦਰਾ ਮੂਵੀਟੋਨ, ਕਲਕੱਤਾ ਦੀ 'ਹੀਰ ਸਿਆਲ' (1938) ਸੀ, ਜੋ ਸਈਅਦ ਵਾਇਸ ਸ਼ਾਹ ਦੇ ਪੰਜਾਬ ਦੇ ਮਸ਼ਹੂਰ ਇਸ਼ਕੀਆ ਅਫਸਾਨੇ 'ਹੀਰ ਰਾਂਝਾ' ਉਤੇ ਆਧਾਰਤ ਸੀ। ਕੇ ਡੀ ਮਹਿਰਾ ਦੀ ਫਿਲਮਸਾਜ਼ੀ ਤੇ ਨਿਰਦੇਸ਼ਨ 'ਚ ਨੁਮਾਇਸ਼ ਹੋਈ ਇਸ ਫਿਲਮ 'ਚ ਬਾਲੋ ਨੇ 'ਹੀਰ' ਬਣੀ ਅਤੇ ਹੀਰੋ ਪੀ ਐਨ ਬਾਲੀ 'ਰਾਂਝਾ' ਦਾ ਕਿਰਦਾਰ ਨਿਭਾ ਰਿਹਾ ਸੀ। ਬਾਲੋ ਅਤੇ ਪੀ ਐਨ ਬਾਲੀ 'ਤੇ ਫਿਲਮਾਏ ਗੀਤ 'ਸੁੰਦਰ ਸੋਹਣਾ ਬਾਗ ਪਿਆਰਾ', 'ਕਦੀ ਨਾ ਉਹਦਾ ਪੱਲਾ ਛੱਡਾ', 'ਰਾਂਝਿਆ ਵੇ ਟੁੱਟ ਗਈਆਂ ਨੇ ਸਾਂਝਾ' (ਬਾਲੋ), 'ਫੇਰ ਚੰਨ ਪਿਆ ਜਾਂਦਾ ਏ', 'ਮੌਸਮ ਆਏ ਬਹਾਰਾਂ ਦੇ' (ਏ ਆਰ ਕਸ਼ਮੀਰੀ, ਬਾਲੋ), 'ਪ੍ਰੇਮ ਹੈ ਜਗ ਦਾ ਮੋਲ ਪਿਆਰੇ' (ਪੀ ਐਨ ਬਾਲੀ, ਬਾਲੋ) ਆਦਿ ਗੀਤ ਹਿੱਟ ਹੋਏ। ਇਸ ਤੋਂ ਬਿਨਾ 'ਜੀਵਾ' ਬਣੀ ਬੇਬੀ ਨੂਰਜਹਾਂ ਨੇ ਗਾਇਆ ਅਤੇ ਉਸ 'ਤੇ ਫਿਲਮਾਇਆ 'ਸੋਹਣਿਆਂ ਦੇਸਾਂ ਅੰਦਰ ਦੇਸ ਪੰਜਾਬ ਨੀ ਸਈਓ' ਅਮਰ ਗੀਤ ਦਾ ਦਰਜਾ ਰੱਖਦਾ ਹੈ। ਇਹ ਫਿਲਮ ਦੋ ਦਸੰਬਰ 1938 ਨੂੰ ਪ੍ਰਭਾਤ ਸਿਨਮਾ, ਲਾਹੌਰ ਵਿਖੇ ਰਿਲੀਜ਼ ਹੋਈ ਤੇ ਕਾਮਯਾਬ ਰਹੀ। ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਬਾਲੋ ਦੀ ਸ਼ੋਹਰਤ ਨੂੰ ਚਾਰ ਚੰਨ ਲੱਗ ਗਏ।

ਇੰਦਰਾ ਮੂਵੀਟੋਨ, ਕਲਕੱਤਾ ਦੀ ਦਾਊਦ ਚਾਂਦ ਨਿਰਦੇਸ਼ਿਤ ਤੇ ਲੋਕ ਅਫਸਾਨੇ ਉਪਰ ਆਧਾਰਿਤ ਪੰਜਾਬੀ ਫਿਲਮ 'ਸੱਸੀ ਪੁਨੂੰ' (1939) ਹੀਰੋਇਨ ਵਜੋਂ ਬਾਲੋ ਦੀ ਦੂਜੀ ਫਿਲਮ ਸੀ। ਇਸ 'ਚ ਬਾਲੋ ਨੇ 'ਸੱਸੀ' ਦਾ ਕਿਰਦਾਰ ਨਿਭਾਇਆ, ਜਦ ਕਿ 'ਪੁਨੂੰ' ਦਾ ਪਾਰਟ ਮਾਸਟਰ ਮੁਹੰਮਦ ਅਸਲਮ (ਮਸ਼ਹੂਰ ਗਰਾਮੋਫੋਨ ਸਿੰਗਰ) ਅਦਾ ਕਰ ਰਿਹਾ ਸੀ। ਇਹ ਫਿਲਮ 23 ਜੂਨ 1939 ਰੀਜੈਂਟ ਸਿਨਮਾ, ਲਾਹੌਰ ਵਿਖੇ ਨੁਮਾਇਸ਼ ਹੋਈ, ਪਰ ਬਹੁਤੀ ਕਮਾਈ ਨਾ ਕਰ ਸਕੀ।

ਬਾਲੋ ਦੀ ਤੀਜੀ ਅਤੇ ਆਖਰੀ ਪੰਜਾਬ ਫਿਲਮ ਅਬਦੁੱਲ ਰਸ਼ੀਦ ਕਾਰਦਾਰ ਦੀ ਫਿਲਮਸਾਜ਼ੀ ਅਤੇ ਜੈ ਕਿਸ਼ਨ ਨੰਦਾ ਦੀ ਹਿਦਾਇਤਕਾਰੀ 'ਚ ਰਿਲੀਜ਼ ਹੋਈ ਨਿਸ਼ਾਤ ਪ੍ਰੋਡਕਸ਼ਨ, ਬੰਬੇ ਦੀ 'ਕੁੜਮਾਈ' (1942) ਸੀ। ਦਾਜ ਪ੍ਰਥਾ ਉੱਤੇ ਬਣੀ ਇਸ ਫਿਲਮ ਦੀ ਕਹਾਣੀ, ਸੰਵਾਦ ਅਤੇ ਗੀਤ ਪੰਡਿਤ ਦੀਨਾ ਨਾਥ ਮਦੋਕ ਨੇ ਤਹਿਰੀਰ ਕੀਤੇ ਸਨ। ਫਿਲਮ 'ਚ ਬਾਲੋ ਨੇ ਆਪਣੇ ਅਸਲੀ ਨਾਂ ਇਕਬਾਲ ਬੇਗਮ ਨਾਲ ਦੋ ਗੀਤ ਗਾਏ। ਪਹਿਲਾਂ ਗੀਤ 'ਗੋਟੇ ਦਾ ਹਾਰ ਵੇ ਮੈਂ ਗਲ ਵਿੱਚ ਪਾਨੀ ਆਂ, ਆ ਮਿਲ ਢੋਲ ਜਾਨੀਆ' (ਨਾਲ ਰਾਜਕੁਮਾਰੀ, ਜੀ ਐਮ ਦੁਰਾਨੀ) ਅਤੇ ਦੂਸਰਾ 'ਮਾਏਂ ਨੀਂ ਬੂਹਾ ਖੜਕੇ ਦਿਲ ਧੜਕੇ ਮੇਰਾ ਆ ਗਿਆ ਨੀਂ ਮੇਰਾ ਬਿਰਜਸ ਬਾਲਾ' (ਨਾਲ ਰਾਜਕੁਮਾਰੀ)। ਬਾਲੋ ਨੇ ਇਸ ਵਿੱਚ ਛੋਟਾ ਜਿਹਾ ਰੋਲ ਵੀ ਕੀਤਾ ਸੀ। ਫਿਲਮ 'ਸੱਸੀ ਪੁਨੂੰ' ਕਰਨ ਮਗਰੋਂ ਇਨ੍ਹਾਂ ਦੋਵਾਂ ਦਾ ਪਤਨ ਸ਼ੁਰੂ ਹੋ ਗਿਆ। ਮੁਹੰਮਦ ਅਲੀ ਮਾਹੀਆ ਸਹਿਲ ਪਸੰਦੀ ਅਤੇ ਸ਼ਰਾਬ ਵੱਲ ਟੁਰ ਗਿਆ। ਮਾਹੀਏ ਦੀ ਮੁਹੱਬਤ ਵਿੱਚ ਡੁੱਬੀ ਹੋਈ ਬਾਲੋ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਉਹ ਕੰਮ ਵੀ ਕਰਦੀ ਰਹੀ, ਜਿਸ ਨੂੰ ਕਰਨ ਲਈ ਉਸ ਦੀ ਜ਼ਮੀਰ ਤਿਆਰ ਨਹੀਂ ਸੀ। ਸਾਰੀ ਹਿਆਤੀ ਮਾਹੀਏ ਦੇ ਇਸ਼ਕ ਵਿੱਚ ਸੜਦੀ ਬਲਦੀ ਤੇ ਉਸ ਦੀ ਮਰਜ਼ੀ 'ਤੇ ਟੁਰਨ ਵਾਲੀ ਇਕਬਾਲ ਬੇਗਮ ਉਰਫ ਬਾਲੋ ਅਖੀਰ 1945 ਵਿੱਚ ਟੀ ਬੀ ਦੀ ਬਿਮਾਰੀ ਨਾਲ ਜੂਝਦੀ ਮਰ ਗਈ। ਉਸ ਦੀ ਜਿਉਂਦੇ ਜੀ ਕਦਰ ਨਾ ਕਰਨ ਵਾਲਾ ਮੁਹੰਮਦ ਅਲੀ 'ਮਾਹੀਆ' ਰੂਹ ਤੱਕ ਟੁੱਟ ਗਿਆ ਅਤੇ ਵਿਛੋੜੇ ਦਾ ਝੰਭਿਆ ਗਲੀਆਂ ਵਿੱਚ ਕੁਰਲਾਉਂਦਾ ਤੇ ਗਾਉਂਦਾ ਫਿਰਦਾ:

ਪਿਆ ਜੀੜਾ ਤੁਲਦਾ ਏ
ਆਸ਼ਕ ਤੇਰਾ ਬਾਲੋ
ਵਿੱਚ ਗਲੀਆਂ ਦੇ ਰੁਲਦਾ ਏ

1947 ਵਿੱਚ ਕਾਹਨ ਆਰਟ ਪ੍ਰੋਡਕਸ਼ਨ, ਬੰਬੇ ਨੇ 'ਬਾਲੋ ਮਾਹੀਆ' ਇਸ਼ਕ ਉਤੇ ਪੰਜਾਬੀ ਫਿਲਮ 'ਮਾਹੀਆ' ਬਣਾਉਣ ਦਾ ਐਲਾਨ ਕੀਤਾ, ਜਿਸ ਦੇ ਫਿਲਮਸਾਜ਼ ਤੇ ਨਿਰਦੇਸ਼ਕ ਕੇ ਐਲ ਕਾਹਨ ਅਤੇ ਸੰਗੀਤਕਾਰ ਨਿਸਾਰ ਬਜਮੀ ਸਨ। ਬਾਲੋ ਦੇ ਕਿਰਦਾਰ ਲਈ ਰਾਜ ਰਾਣੀ ਅਤੇ ਮਾਹੀਏ ਲਈ ਗੁੱਜਰਾਂਵਾਲਾ ਦੇ ਗੱਭਰੂ ਕੁੰਦਨਲਾਲ ਰਾਜਪਾਲ ਨੂੰ ਲਿਆ ਗਿਆ, ਪਰ ਇਹ ਫਿਲਮ ਦੇਸ਼ ਵਿੱਚ ਫਿਰਕੂ ਫਸਾਦ ਹੋਣ ਕਾਰਨ ਮੁਕੰਮਲ ਨਹੀਂ ਹੋ ਸਕੀ। ਇਨ੍ਹਾਂ ਦੋਵਾਂ ਦੀ ਸੱਚੀ ਮੁਹੱਬਤ ਦੀ ਦਾਸਤਾਨ 'ਤੇ ਨਵ ਚਿੱਤਰਕਾਰ ਲਿਮਟਿਡ, ਬੰਬੇ ਨੇ ਜੇ ਐਲ ਪਰਾਸ਼ਰ ਦੀ ਫਿਲਮਸਾਜ਼ੀ ਤੇ ਕੁਲਦੀਪ ਦੀ ਨਿਰਦੇਸ਼ਨਾ ਵਿੱਚ ਪੰਜਾਬੀ ਫਿਲਮ 'ਬਾਲੋ' (1951) ਬਣਾਈ, ਜਿਸ ਵਿੱਚ ਹੀਰੋਇਨ ਸ਼ਕੁੰਤਲਾ ਨੇ 'ਬਾਲੋ' ਅਤੇ ਹੀਰੋ ਅਰਜੁਨ ਨੇ 'ਮਾਹੀਏ' ਦਾ ਪਾਰਟ ਬਾਖੂਬੀ ਅਦਾ ਕੀਤਾ। ਇਸ ਫਿਲਮ ਵਿੱਚ ਪਹਿਲੀ ਵਾਰ ਸਾਹਿਰ ਲੁਧਿਆਣਵੀ ਨੇ ਪੰਜਾਬੀ ਗੀਤ ਲਿਖੇ ਸਨ। ਦੋ ਨਵੰਬਰ 1951 ਨੂੰ ਇਹ ਫਿਲਮ ਅੰਮ੍ਰਿਤ ਟਾਕੀਜ਼ ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਤੇ ਸੁਪਰਹਿੱਟ ਰਹੀ।

ਬਾਲੋ ਤੇ ਮੁਹੰਮਦ ਅਲੀ ਦੀ ਆਖਰੀ ਨਿਸ਼ਾਨੀ ਇਨ੍ਹਾਂ ਦੀ ਧੀ ਮੁਖਤਾਰ ਬੇਗਮ 16 ਅਕਤੂਬਰ 1936 ਨੂੰ ਗੁਜਰਾਤ 'ਚ ਪੈਦਾ ਹੋਈ ਜੋ ਬਾਅਦ ਵਿੱਚ ਪਾਕਿਸਤਾਨੀ ਫਿਲਮਾਂ (ਪੰਜਾਬੀ ਉਰਦੂ) ਦੀ ਸਬੀਹਾ ਖਾਨਮ ਦੇ ਨਾਮ ਨਾਲ ਵੱਡੇ ਕੱਦ ਵਾਲੀ ਮਸ਼ਹੂਰ ਅਤੇ ਮਕਬੂਲ ਅਦਾਕਾਰਾ ਸਾਬਤ ਹੋਈ, ਜੋ ਨਿਰਦੇਸ਼ਕ ਐਮ ਐਸ ਡਾਰ ਦੀ ਸੁਪਰਹਿੱਟ ਪੰਜਾਬੀ ਫਿਲਮ 'ਦੁੱਲਾ ਭੱਟੀ' (1956) ਵਿੱਚ 'ਨੂਰਾ' ਦਾ ਕਿਰਦਾਰ ਨਿਭਾਉਂਦਿਆਂ ਸਫਲਤਾ ਦਾ ਆਲ੍ਹਾ ਮੁਕਾਮ ਉਤੇ ਜਾ ਬੈਠੀ ਸੀ। ਉਸ ਉਪਰ ਫਿਲਮਾਇਆ ਗੁਲੂਕਾਰਾ ਮੁਨੱਵਰ ਸੁਲਤਾਨਾ ਦਾ ਗੀਤ 'ਵਾਸਤਾ ਈ ਰੱਬ ਦਾ ਤੂੰ ਜਾਵੀਂ ਵੇ ਕਬੂਤਰਾ, ਚਿੱਠੀ ਮੇਰੇ ਢੋਲ ਨੂੰ ਪੁਚਾਵੀਂ ਵੇ ਕਬੂਤਰਾ' ਅੱਜ ਵੀ ਦੋਵਾਂ ਪੰਜਾਬਾਂ ਦੇ ਸੰਗੀਤ ਮੱਦਾਹਾਂ ਦੀ ਪਹਿਲੀ ਪਸੰਦ ਹੈ। ਸਬੀਹਾ ਖਾਨਮ ਪਾਕਿਸਤਾਨੀ ਫਿਲਮਾਂ ਦੇ ਪ੍ਰਸਿੱਧ ਅਦਾਕਾਰ ਸੰਤੋਸ਼ ਕੁਮਾਰ ਉਰਫ ਸਈਯਦ ਮੂਸਾ ਆਬਾਸ ਰਜ਼ਾ ਦੀ ਸ਼ਰੀਕ-ਏ-ਹਿਆਤ' ਬਣੀ। ਅੱਜ ਕੱਲ੍ਹ ਬਾਲੋ ਦੀ ਧੀ ਸਬੀਹਾ ਖਾਨਮ ਆਪਣੇ ਬੱਚਿਆਂ ਨਾਲ ਯੂ ਐਸ ਏ ਵਿਖੇ ਕਿਆਮ ਫਰਮਾ ਰਹੀ ਹੈ।

# 'ਨਵੇਂ ਜਮਾਨੇ ਦੇ ਪਤੀ ਦੇ ਛਿਪੇ ਦਰਦ ਦੀ ਕਹਾਣੀ'

ਅਭਿਸ਼ੇਕ ਦਾ ਐਕਸੀਡੈਂਟ ਹੋ ਚੁੱਕਾ ਹੈ . ਸਿਰ ਵਿਚੋਂ ਲਹੂ ਵਗ ਰਿਹਾ ਹੈ, ਇੱਕ ਹੱਥ ਕਾਰ ਦੀ ਬਾਰੀ ਵਿਚੋਂ ਬਾਹਰ ਨਿਕਲਿਆ ਪਿਆ ਹੈ ਅੱਤੇ ਉਸਦਾ ਮੋਬਾਇਲ ਕਾਰ ਵਿੱਚੋਂ ਬਾਹਰ ਡਿਗਿਆ ਪਿਆ ਹੈ . ਲੋਕ ਇਕੱਠੇ ਹੋਏ ਪਏ ਹਨ ਅਤੇ ਆਵਾਜ਼ਾਂ ਆ ਰਹੀਆਂ ਹਨ "ਬਹੁਤ ਮਾੜਾ ਹੋਇਆ, ਇਹ ਕਿਵੇਂ ਹੋ ਗਿਆ . ਮੁੰਡਾ ਤਾਂ ਪੜ੍ਹਿਆ ਲਿਖਿਆ, ਸੋਹਣਾ ਸੁਨੱਖਾ ਲਗਦਾ ."

ਅਭਿਸ਼ੇਕ ਨੂੰ ਹਸਪਤਾਲ ਪਹੁੰਚਾਇਆ ਜਾਂਦਾ ਹੈ . ਪੁਲਿਸ ਵੀ ਪਹੁੰਚ ਜਾਂਦੀ ਹੈ . ਇੰਸਪੇਕਟਰ ਅਭਿਸ਼ੇਕ ਨੂੰ ਪੁਛਦਾ ਹੈ "ਕੀ ਹੋਇਆ ਸੀ?" "ਕੁਝ ਨਹੀ" . "ਐਕਸੀਡੈਂਟ ਆਮ ਨਹੀਂ ਲੱਗਦਾ, ਸਿਧੀ ਸੜਕ ਤੋਂ ਗੱਡੀ ਇੱਕ ਦਮ ਸੜਕ ਤੋਂ ਥੱਲੇ ਕਿਵੇਂ ਆ ਗਈ, ਕੀ ਉੱਥੇ ਕੋਈ ਹੋਰ ਵੀ ਵਾਹਨ ਸੀ ?" "ਜੀ ਨਹੀਂ ." "ਫਿਰ ਗੱਲ ਕੀ ਬਣੀ, ਕੋਈ ਨਸ਼ਾ ਪੱਤਾ ?" "ਜੀ ਨਹੀਂ ." "ਕਿਸੇ ਕਿਸਮ ਦੀ ਜਾਣਕਾਰੀ ਤੁਸੀਂ ਕੋਈ ਦੇਣਾ ਚਾਹੋਂ ?" "ਨਹੀਂ ਕੁਝ ਵੀ ਨਹੀਂ, ਬਸ ਜੋ ਲੇਖਾਂ ਵਿੱਚ ਲਿਖਿਆ ਸੀ ਹੋ ਗਿਆ ." ਇੰਸਪੇਕਟਰ ਚੁੱਪ ਕਰ ਜਾਂਦਾ ਹੈ ਅਤੇ ਚਲਾ ਜਾਂਦਾ ਹੈ .

ਇੰਸਪੇਕਟਰ ਆਪਣੇ ਨਾਲ ਦੇ ਸਿਪਾਹੀ ਨੂੰ ਕਹਿੰਦਾ ਹੈ "ਕੋਈ ਨਾ ਕੋਈ ਗੱਲ ਤਾਂ, ਜਰੂਰ ਹੈ, ਕੋਈ ਗੜਬੜ ਤਾਂ ਹੈ . ਆਪਾਂ ਇਸਦੇ ਬਾਰੇ ਤਫਤੀਸ਼ ਕਰੀਏ . " ਪੁਲਿਸ ਉਸਦੇ ਬਾਰੇ ਸਾਰੀ ਜਾਣਕਾਰੀ ਇਕੱਠਾ ਕਰਦੀ ਹੈ . ਨਾ ਹੀ ਅਭਿਸ਼ੇਕ ਦਾ ਕੋਈ ਦੁਸ਼ਮਨ ਨਿਕਲਦਾ ਹੈ ਨਾ ਹੀ ਉਸਨੇ ਕਦੇ ਨਸ਼ੇ ਪੱਤੇ ਨੂੰ ਹੱਥ ਲਾਇਆ ਹੁੰਦਾ ਹੈ . ਉਸਦੇ ਆਂਢ ਗੁਆਂਢ ਵਾਲੇ ਵੀ ਉਸਦੇ ਬਾਰੇ ਚੰਗੀਆਂ ਗੱਲਾਂ ਹੀ ਕਹਿੰਦੇ ਹਨ .

ਇੰਸਪੇਕਟਰ ਆਪਣੇ ਨਾਲ ਦੇ ਸਿਪਾਹੀ ਨੂੰ ਕਹਿੰਦਾ ਹੈ "ਅਭਿਸ਼ੇਕ ਬਾਰੇ ਤਾਂ ਸਾਰੇ ਹੀ ਤਰੀਫਾਂ ਦੇ ਪੁਲ ਬੰਨੀ ਜਾਂਦੇ ਹਨ . ਮੈਨੂੰ ਤਾਂ ਇੰਝ ਲਗਦਾ ਇਸ ਤੋਂ ਸ਼ਰੀਫ਼ ਤਾਂ ਕੋਈ ਮੁੰਡਾ ਹੀ ਨਹੀਂ ਹੋਣਾ . ਇਸ ਦਾ ਸੁਭਾ ਵੀ ਕਿੰਨਾ ਮਿੱਠਾ ਹੈ . ਜੇ ਇਸਦਾ ਵਿਆਹ ਨਾ ਹੋਇਆ ਹੁੰਦਾ ਤਾਂ ਮੈਂ ਆਪਣੀ ਭੈਣ ਦਾ ਰਿਸ਼ਤਾ ਇਸੇ ਨਾਲ ਹੀ ਕਰ ਦਿੰਦਾ ." ਦੋਵੇਂ ਹੱਸਣ ਲੱਗ ਜਾਂਦੇ ਹਨ . "ਉਹ ਸਚ, ਮੈਂ ਉਸਦਾ ਮੋਬਾਇਲ ਤਾਂ ਵਾਪਿਸ ਕਰਨਾ ਹੀ ਭੁਲ ਗਿਆ ."

ਇੰਸਪੇਕਟਰ ਮੋਬਾਇਲ ਆਪਣੀ ਜੇਬ ਵਿੱਚੋਂ ਕਢਦਾ ਹੈ ਅੱਤੇ ਉਸਦਾ ਅੰਗੂਠਾ ਮੈਸੇਜ ਵਾਲੇ ਬਟਨ ਤੇ ਲਗ ਜਾਂਦਾ ਹੈ ਅਤੇ ਇੱਕ ਮੈਸੇਜ ਕੁਦਰਤੀ ਖੁਲ ਜਾਂਦਾ ਹੈ . ਮੈਸੇਜ ਪੜ੍ਹਦੇ ਹੀ ਇੰਸਪੇਕਟਰ ਦੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਹਨ . ਉਸਦੇ ਮੂਹੋਂ ਆਪ ਮੁਹਾਰੇ ਹੀ ਨਿਕਲਦਾ ਹੈ "ਇਹ ਤਾਂ ਸੋਚਿਆ ਹੀ ਨਹੀਂ ਸੀ !" ਫਿਰ ਇੰਸਪੇਕਟਰ ਤਰਸ ਭਰੀਆਂ ਅੱਖਾਂ ਨਾਲ ਅਭਿਸ਼ੇਕ ਕੋਲ ਜਾਂਦਾ ਅੱਤੇ ਚੁਪ ਚਾਪ ਉਸਨੂੰ ਉਸਦਾ ਮੋਬਾਇਲ ਮੋੜ ਦਿੰਦਾ ਹੈ .

ਨਾਲ ਵਾਲਾ ਸਿਪਾਹੀ ਇੰਸਪੇਕਟਰ ਨੂੰ ਪੁਛਦਾ ਹੈ "ਸਰ ਮੈਨੂੰ ਵੀ ਦੱਸੋ ਉਸ ਮੈਸੇਜ ਵਿੱਚ ਏਹੋ ਜਿਹਾ ਕੀ ਲਿਖਿਆ ਸੀ ?" ਇੰਸਪੇਕਟਰ ਨੇ ਜਵਾਬ ਦਿੰਦਿਆਂ ਕਿਹਾ "ਉਹ ਮੈਸੇਜ ਕਿਸੇ ਬਿਗਾਨੇ ਬੰਦੇ ਦਾ ਨਹੀਂ ਬਲਕਿ ਉਸਦੀ ਪਤਨੀ ਦਾ ਹੀ ਸੀ . ਇਹ ਵਿਚਾਰਾ ਭਗਤ ਬੰਦਾ ਵੀ, ਭੈੜੀ ਜਨਾਨੀ ਦਾ ਸ਼ਿਕਾਰ ਸੀ ! ਉਸ ਮੈਸੇਜ ਵਿੱਚ ਪਤਾ ਕੀ ਲਿਖਿਆ ਸੀ ! ਯਾ ਤਾਂ ਮੈਨੂੰ ਚੁਣ ਲੈ ਯਾ ਫਿਰ ਆਪਣੀ ਮਾਂ ਨੂੰ !"

ਅਮਨਪ੍ਰੀਤ ਸਿੰਘ
7658819651

# ਬਿਊਟੀ ਟਿਪਸ

## ਹਰ ਤਰ੍ਹਾਂ ਦੀ ਸਕਿਨ ਦੇ ਲਈ ਅਲੱਗ ਹੋਵੇ ਫੇਸਪੈਕ

ਸਾਰਿਆਂ ਦੀ ਸਕਿਨ ਅਲੱਗ ਤਰ੍ਹਾਂ ਹੁੰਦੀ ਹੈ। ਕਿਸੇ ਦੀ ਆਇਲੀ ਤਾਂ ਕਿਸੇ ਦੀ ਰੁੱਖੀ ਅਤੇ ਬੇਜਾਨ ਹੁੰਦੀ ਹੈ। ਇਸ ਸਕਿਨ ਦੇ ਲਈ ਕਿਹੋ ਜਿਹੇ ਫੇਸਪੈਕ ਦਾ ਇਸਤੇਮਾਲ ਕਰੀਏ ਇਹ ਜਾਣਨਾ ਬੇਹੱਦ ਜ਼ਰੂਰੀ ਹੈ। ਇਸ ਸਮੱਸਿਆ ਨੂੰ ਦੂਰ ਕਰਨ ਦੇ ਲਈ ਅਸੀਂ ਅਲੱਗ-ਅਲੱਗ ਤਰ੍ਹਾਂ ਦੀ ਸਕਿਨ ਦੇ ਮੁਤਾਬਕ ਫੇਸਪੈਕ ਦੇ ਬਾਰੇ ਵਿੱਚ ਜਾਣਕਾਰੀ ਦੇ ਰਹੇ ਹਨ :

ਸਖਤ ਸਕਿਨ ਦੇ ਲਈ-ਇਸ ਫੇਸਪੈਕ ਨੂੰ ਬਣਾਉਣ ਦੇ ਲਈ ਇੱਕ ਮੱਠੇ ਵਿੱਚ ਚਾਰ ਚਮਚ ਉਬਲੇ ਹੋਏ ਓਟਸ, ਕੁਝ ਬੂੰਦਾਂ, ਆਲਿਵ ਆਲਿ ਤੇ ਬਾਦਾਮ ਤੇਲ ਦੀ ਪਾ ਕੇ ਚੰਗੀ ਤਰ੍ਹਾਂ ਮਿਲਾਓ। ਤਿਆਰ ਪੇਸਟ ਨੂੰ 15-20 ਮਿੰਟ ਦੇ ਲਈ ਚਿਹਰੇ 'ਤੇ ਲਗਾਓ ਅਤੇ ਠੰਢੇ ਪਾਣੀ ਨਾਲ ਚਿਹਰੇ ਨੂੰ ਦੋ ਲਓ।


ਕੋਮਲ ਸਕਿਨ ਦੇ ਲਈ-ਮੁਲਾਇਮ ਸਕਿਨ ਪਾਉਣ ਲਈ ਇੱਕ ਬਾਉਲ ਵਿੱਚ ਦੋ ਚਮਚ ਦਹੀ ਅਤੇ ਚਾਰ-ਪੰਜ ਬੂੰਦਾਂ ਆਲਿਵ ਆਇਲ ਪਾ ਕੇ ਮਿਲਾਓ। ਇਸ ਫੇਸਪੈਕ ਨੂੰ 15-20 ਮਿੰਟ ਲਈ ਲਾ ਕੇ ਛੱਡ ਦਿਓ। ਕੁਝ ਦੇਰ ਬਾਅਦ ਠੰਢੇ ਪਾਣੀ ਨਾਲ ਚਿਹਰਾ ਧੋ ਲਓ। ਸਕਿਨ ਮੁਲਾਇਮ ਰਹੇਗੀ। ਹਫਤੇ ਵਿੱਚ ਇੱਕ ਵਾਰ ਇਸਤੇਮਾਲ ਕਰ ਸਕਦੇ ਹੋ।

ਰੁੱਖੀ ਸਕਿਨ ਦੇ ਲਈ-ਚਿਹਰੇ ਨੂੰ ਨਮੀ ਯੁਕਤ ਰੱਖਣ ਲਈ ਇੱਕ ਚਮਚ ਨਾਰੀਅਲ ਦੇ ਦੁੱਧ ਜਾਂ ਨਾਰੀਅਲ ਤੇਲ ਵਿੱਚ ਇੱਕ ਚਮਚ ਖੀਰੇ ਦਾ ਰਸ ਮਿਲਾ ਲਓ। ਇਸ ਮਿਸ਼ਰਣ ਨੂੰ ਚਿਹਰੇ 'ਤੇ ਲਾਓ ਅਤੇ ਮਾਲਿਸ਼ ਕਰੋ। ਇਸ ਨਾਲ ਸਕਿਨ ਹਾਈਡਰੇਟ ਹੋਣ ਦੇ ਨਾਲ ਹੀ ਕੋਮਲ ਅਤੇ ਚਮਕਦਾਰ ਬਣੇਗੀ।

ਪੋਰਸ ਠੀਕ ਕਰਨ ਦੇ ਲਈ-ਵੱਡੇ ਪੋਰਸ ਨੂੰ ਘੱਟ ਕਰਨ ਲਈ ਦੋ ਚਮਚ ਵੇਸਣ ਅਤੇ ਇੱਕ ਕੱਪ ਭਿੱਜੀ ਹੋਈ ਮਸਰਾਂ ਦੀ ਦਾਲ ਨੂੰ ਬਰਾਬਰ ਮਾਤਰਾ ਵਿੱਚ ਮਿਲਾ ਕੇ ਪੈਕ ਤਿਆਰ ਕਰੋ। ਇਸ ਪੇਸਟ ਨੂੰ ਆਪਣੇ ਚਿਹਰੇ ਅਤੇ ਗਲੇ 'ਤੇ ਲਗਾ ਕੇ ਮਸਾਜ ਕਰੋ। 10-15 ਮਿੰਟ ਤੱਕ ਇਸ ਪੇਸਟ ਨੂੰ ਲਗਾ ਕੇ ਠੰਢੇ ਪਾਣੀ ਨਾਲ ਚਿਹਰਾ ਧੋ ਲਓ। ਹਫਤੇ ਵਿੱਚ ਦੋ ਵਾਰ ਇਸ ਪੈਕ ਦਾ ਇਸਤੇਮਾਲ ਕਰਨ ਨਾਲ ਵੱਡੇ ਪੋਰਸ ਦੀ ਸਮੱਸਿਆ ਖਤਮ ਹੋ ਜਾਏਗੀ।

# ਰਸੋਈ

## ਫਲਾਹਾਰੀ ਮਸਾਲਾ ਅਰਬੀ



ਸਮੱਗਰੀ-ਅਰਬੀ 250 ਗਰਾਮ, ਇੱਕ ਛੋਟਾ ਚਮਚ ਅਦਰਕ (ਬਰੀਕ ਕੱਟਿਆ ਹੋਇਆ), ਹਰੀ ਮਿਰਚ ਇੱਕ ਛੋਟਾ ਚਮਚ, ਜੀਰਾ ਇੱਕ ਛੋਟਾ ਚਮਚ, ਕਾਲੀ ਮਿਰਚ ਛੇ ਸੱਤ, ਲੌਂਗ ਚਾਰ ਪੰਜ, ਦਾਲਚੀਨੀ ਦੇ ਟੁਕੜੇ ਦੋ, ਤੇਜ਼ਪੱਤਾ ਇੱਕ-ਦੋ, ਕਾਲਾ ਨਮਕ ਸਵਾਦ ਅਨੁਸਾਰ, ਕਾਲੀ ਮਿਰਚ ਪਾਊਡਰ ਅੱਧਾ ਛੋਟਾ ਚਮਚ, ਨਿੰਬੂ ਦਾ ਰਸ ਇੱਕ ਛੋਟਾ ਚਮਚ, ਦੋ ਵੱਡੇ ਚਮਚ ਘਿਓ।

ਵਿਧੀ- ਅਰਬੀ ਨੂੰ ਉਬਾਲ ਕੇ ਛਿੱਲ ਲਓ। ਦੋ-ਦੋ ਟੁਕੜਿਆਂ ਵਿੱਚ ਕੱਟੋ ਅਤੇ ਹਰ ਟੁਕੜੇ ਨੂੰ ਹਥੇਲੀ ਨਾਲ ਦਬਾ ਲਓ। ਘਿਓ ਗਰਮ ਕਰ ਕੇ ਅਰਬੀ ਨੂੰ ਪਾਓ। ਉਪਰੋਂ ਕਾਲਾ ਨਮਕ ਪਾ ਕੇ ਫਰਾਈ ਕਰੋ। ਦੋਵਾਂ ਪਾਸੇ ਹਲਕਾ ਗੁਲਾਬੀ ਹੋਣ 'ਤੇ ਕੱਢ ਲਓ। ਬਚੇ ਹੋਏ ਘਿਓ ਵਿੱਚ ਜੀਰਾ, ਅਦਰਕ, ਹਰੀ ਮਿਰਚ, ਕਾਲੀ ਮਿਰਚ, ਲੌਂਗ, ਦਾਲਚੀਨੀ, ਤੇਜ਼ਪੱਤਾ ਪਾਓ। ਮਸਾਲਾ ਭੁੰਨ ਜਾਣ 'ਤੇ ਫਰਾਈ ਕੀਤੀ ਅਰਬੀ ਪਾਓ। ਕਾਲੀ ਮਿਰਚ ਪਾਊਡਰ ਤੇ ਨਿੰਬੂ ਦਾ ਰਸ ਮਿਲਾ ਕੇ ਸਰਵ ਕਰੋ।

# ਹਲਕਾ ਫੁਲਕਾ

ਪਤੀ, "ਆਲੂਆਂ ਵਾਲੇ ਪਰੌਂਠਿਆਂ 'ਚ ਆਲੂ ਤਾਂ ਕਿਤੇ ਨਜ਼ਰ ਨਹੀਂ ਆ ਰਹੇ।"
ਪਤਨੀ, "ਚੁੱਪਚਾਪ ਖਾ ਲਓ, ਕਸ਼ਮੀਰੀ ਪੁਲਾਅ ਵਿੱਚ ਕਦੋਂ ਕਸ਼ਮੀਰ ਨਜ਼ਰ ਆਉਂਦਾ ਹੈ?"

*********

ਗੁੱਲੂ (ਦੋਸਤ ਬੰਟੀ ਨੂੰ), "ਕੀ ਤੇਰੇ ਪਿਤਾ ਜੀ ਦਾ ਨਾਂਅ ਕਮਾਲ ਹੈ?"
ਬੰਟੀ, "ਨਹੀਂ, ਪਰ ਤੈਨੂੰ ਕਿਸ ਨੇ ਕਿਹਾ?"
ਗੁੱਲੂ, "ਕੱਲ੍ਹ ਹੀ ਅਧਿਆਪਕ ਕਹਿ ਰਹੇ ਸਨ ਕਿ ਬੰਟੀ ਤਾਂ ਕਮਾਲ ਦਾ ਮੁੰਡਾ ਹੈ।"

*********

ਪ੍ਰੇਮਿਕਾ, "ਅੱਜ ਮੇਰਾ ਜਨਮ ਦਿਨ ਹੈ, ਮੇਰਾ ਤੋਹਫਾ ਕਿੱਥੇ ਹੈ?"
ਪ੍ਰੇਮੀ, "ਉਥੇ ਦੇਖ, ਸੜਕ 'ਤੇ ਲਾਲ ਰੰਗ ਦੀ ਕਾਰ ਨਜ਼ਰ ਆ ਰਹੀ ਹੈ?"
ਪ੍ਰੇਮਿਕਾ ਖੁਸ਼ੀ ਨਾਲ ਚੀਕ ਪਈ।
ਮੁੰਡਾ, "ਬੱਸ ਉਸੇ ਰੰਗ ਦੀ ਨੇਲ ਪਾਲਿਸ਼ ਲਿਆਇਆ ਹਾਂ।"

*********

ਮੋਟੂ, "ਡਾਕਟਰ ਸਾਹਿਬ, ਕੱਲ੍ਹ ਤੋਂ ਪੇਟ ਵਿੱਚ ਦਰਦ ਹੈ।"
ਡਾਕਟਰ, "ਖਾਣਾ ਕਿਵੇਂ ਖਾਂਦਾ ਏਂ?"
ਮੋਟੂ, "ਰੋਜ਼ਾਨਾ ਹੋਟਲ ਵਿੱਚ ਹੀ ਖਾਂਦਾ ਹਾਂ।"
ਡਾਕਟਰ, "ਓਏ, ਰੋਜ਼ਾਨਾ ਹੋਟਲ ਵਿੱਚ ਖਾਣਾ ਨਾ ਖਾਇਆ ਕਰ।"
ਮੋਟੂ, "ਉਹ! ਠੀਕ ਹੈ। ਪੈਕ ਕਰਵਾ ਕੇ ਘਰ ਲੈ ਆਇਆ ਕਰਾਂਗਾ।"

# 14 ਕਰੋੜ ਯੂਥ ਵੋਟਰਾਂ ਦੀ ਗੱਲ ਸੁਣਨ ਮੋਦੀ ਤੇ ਰਾਹੁਲ

-ਵਿਜੇ ਵਿਦਰੋਹੀ-

ਲੋਕ ਸਭਾ ਚੋਣਾਂ ਦੀ ਗੱਲ ਕੀਤੀ ਜਾਵੇ ਤਾਂ ਦੇਸ਼ 'ਚ ਨੌਂ ਲੱਖ ਤੋਂ ਵੱਧ ਬੂਥ ਹਨ। ਭਾਜਪਾ ਤੇ ਕਾਂਗਰਸ ਵਿਚਾਲੇ ਵੱਧ ਤੋਂ ਵੱਧ ਬੂਥਾਂ ਤੱਕ ਪਹੁੰਚਣ ਦੀ ਦੌੜ ਲੱਗੀ ਹੋਈ ਹੈ। ਭਾਜਪਾ ਦੇ ਪੰਨਾ ਪ੍ਰਮੁੱਖ (ਵੋਟਰ ਸੂਚੀ ਦੇ ਹਰ ਸਫੇ ਦਾ ਇੰਚਾਰਜ) ਤੋਂ ਪਹਿਲਾਂ ਅਰਧ ਪੰਨਾ ਪ੍ਰਮੁੱਖ ਤੱਕ ਆਈ ਅਤੇ ਫਿਰ ਮੋਬਾਈਲ ਪ੍ਰਮੁੱਖ ਤੱਕ ਬਣਾਉਣ ਦੀਆਂ ਖ਼ਬਰਾਂ ਆ ਰਹੀਆਂ ਹਨ। ਕਾਂਗਰਸ ਬੂਥ ਸਹਿਯੋਗੀ ਦੀ ਗੱਲ ਕਰ ਰਹੀ ਹੈ। ਮਾਮਲਾ ਇੱਕ ਬੂਥ, ਦਸ ਬੂਥ ਤੋਂ ਇੱਕ ਬੂਥ ਵੀਹ ਬੂਥ ਤੱਕ ਪਹੁੰਚ ਗਿਆ ਹੈ। ਪ੍ਰਧਾਨ ਮੰਤਰੀ 'ਮੇਰਾ ਬੂਥ ਸਬ ਸੇ ਮਜ਼ਬੂਤ' ਦਾ ਨਾਅਰਾ ਦੇ ਰਹੇ ਹਨ। ਦੋਵਾਂ ਪਾਰਟੀਆਂ ਦਾ ਇਰਾਦਾ ਵੋਟਰ ਨੂੰ ਬੂਥ ਤੱਕ ਪਹੁੰਚਾਉਣਾ ਤੇ ਆਪਣੇ ਪੱਖ 'ਚ ਵੋਟ ਭੁਗਤਾਉਣਾ ਹੈ, ਪਰ ਸਵਾਲ ਉਠਦਾ ਹੈ ਕਿ ਕੀ ਕੋਈ ਪਾਰਟੀ ਵੋਟਰ ਦੇ ਮਨ ਦੀ ਥਾਹ ਪਾ ਰਹੀ ਹੈ? ਜਾਂ ਸਭ ਨੂੰ ਇਹ ਲੱਗਦਾ ਹੈ ਕਿ ਥੋੜ੍ਹਾ ਵਿਕਾਸ, ਥੋੜ੍ਹਾ ਧਰਮ, ਥੋੜ੍ਹੀ ਜਾਤ, ਥੋੜ੍ਹਾ ਪੈਸਾ, ਥੋੜ੍ਹਾ ਲਾਲਚ ਅਤੇ ਥੋੜ੍ਹਾ ਪ੍ਰਸ਼ਾਸਨ ਦਾ ਸਹਿਯੋਗ ਕੰਮ ਕਰ ਜਾਏਗਾ।

ਭਾਜਪਾ ਨੂੰ ਮੋਦੀ ਦੇ ਚਿਹਰੇ ਅਤੇ ਅਕਸ 'ਤੇ ਭਰੋਸਾ ਹੈ ਤਾਂ ਕਾਂਗਰਸ ਨੂੰ ਮੋਦੀ ਸਰਕਾਰ ਦੀਆਂ ਕਥਿਤ ਨਾਕਾਮੀਆਂ 'ਤੇ ਪਰ ਦੋਵੇਂ ਪਾਰਟੀਆਂ ਭੁੱਲਦੀਆਂ ਹਨ ਕਿ ਇਸ ਵਾਰ ਲਗਭਗ 14 ਕਰੋੜ ਵੋਟਰ ਪਹਿਲੀ ਵਾਰ ਵੋਟ ਦੇਣ ਆਉਣਗੇ। ਇਸ ਨੌਜਵਾਨ ਪੀੜ੍ਹੀ ਦੀਆਂ ਉਮੀਦਾਂ, ਇੱਛਾਵਾਂ ਅਤੇ ਸੁਫਨਿਆਂ ਨੂੰ ਟਟੋਲਣ ਦੀ ਕੋਸ਼ਿਸ਼ ਕਰਦੇ ਹਾਂ-

ਬਨਾਰਸ, ਅਮੇਠੀ, ਕੰਨੌਜ, ਨਵਾਦਾ, ਹਾਜੀਪੁਰ, ਲਖਨਊ, ਪਟਨਾ, ਭੋਪਾਲ, ਵਿਦਿਸ਼ਾ, ਗੁਣਾ, ਨਾਗਪੁਰ, ਜੈਪੁਰ, ਜੰਮੂ, ਸ੍ਰੀਨਗਰ, ਊਧਮਪੁਰ, ਹਿਸਾਰ, ਬਠਿੰਡਾ, ਰੋਹਤਕ ਅਤੇ ਸੰਗਰੂਰ ਲੋਕ ਸਭਾ ਸੀਟਾਂ 'ਤੇ ਪਿਛਲੇ ਸਵਾ ਮਹੀਨੇ ਦੌਰਾਨ ਦੌਰਾ ਕਰਨ ਤੋਂ ਬਾਅਦ ਕੁਝ ਅਜਿਹੇ ਤਜਰਬੇ ਹੋਏ, ਜੋ ਅੱਖਾਂ ਖੋਲ੍ਹਣ ਵਾਲੇ ਹਨ। ਸੰਗਰੂਰ 'ਚ ਕੁਝ ਕੁੜੀਆਂ ਮਿਲੀਆਂ, ਸਵੇਰ ਦਾ ਸਮਾਂ ਸੀ ਤੇ ਉਹ ਇੱਕ ਖਾਲੀ ਮੈਦਾਨ 'ਚ ਚੱਕਰ ਲਾ ਰਹੀਆਂ ਸਨ। ਉਹ ਕਹਿਣ ਲੱਗੀਆਂ ਕਿ ਬੀ ਐਸ ਐਫ 'ਚ ਜਾਣ ਦੀ ਤਿਆਰੀ ਕਰ ਰਹੀਆਂ ਹਨ ਸਰੀਰਕ ਫਿਟਨੈੱਸ ਦੀ।

ਪਹਿਲੇ ਦੌਰ ਦੀ ਗੱਲਬਾਤ 'ਚ ਉਨ੍ਹਾਂ ਕਿਹਾ ਕਿ ਉਹ ਦੇਸ਼ ਸੇਵਾ ਲਈ ਬੀ ਐੱਸ ਐੱਫ ਵਿੱਚ ਜਾਣਾ ਚਾਹੁੰਦੀਆਂ ਹਨ। ਕਿਸੇ ਨੇ ਕਿਹਾ ਕਿ ਉਸ ਦੇ ਪਿਤਾ ਉਸ ਨੂੰ ਵਰਦੀ ਵਿੱਚ ਦੇਖਣਾ ਚਾਹੁੰਦੇ ਹਨ ਤਾਂ ਕਿਸੇ ਨੇ ਕਿਹਾ ਕਿ ਦੇਸ਼ ਦਾ ਨਾਂਅ ਉਚਾ ਕਰਨ ਦੀ ਇੱਛਾ ਹੈ। ਗੱਲ ਅੱਗੇ ਚੱਲੀ ਤਾਂ ਇੱਕ ਕੁੜੀ ਨੇ ਕਿਹਾ ਕਿ ਉਸ ਦਾ ਪਿਤਾ ਬਿਮਾਰ ਰਹਿੰਦਾ ਹੈ, ਉਹ ਛੇ ਭੈਣਾਂ ਹਨ ਤੇ ਮਾਂ ਘਰ-ਘਰ ਭਾਂਡੇ ਸਾਫ ਕਰ ਕੇ ਗੁਜ਼ਾਰੇ ਲਾਇਕ ਕਮਾਉਂਦੀ ਹੈ। ਉਸ ਦੀਆਂ ਭੈਣਾਂ ਸਿਲਾਈ ਤੋਂ ਕਾਜ-ਬਟਨ ਦਾ ਕੰਮ ਕਰਦੀਆਂ ਹਨ। ਇਸ ਸਥਿਤੀ ਵਿੱਚ ਬੀ ਐੱਸ ਐੱਫ ਵਿੱਚ ਜਾਣਾ ਘਰ ਦੇ ਹਾਲਾਤ ਸੁਧਾਰਨ ਦੀ ਗਾਰੰਟੀ ਹੈ। ਇਹ ਕਹਿੰਦਿਆਂ ਉਹ ਰੋਣ ਲੱਗ ਪਈ।

ਇਸੇ ਤਰ੍ਹਾਂ ਕੁਝ ਮੁੰਡਿਆਂ ਨਾਲ ਗੱਲ ਹੋਈ, ਜਿਨ੍ਹਾਂ 'ਚੋਂ ਬਹੁਤਿਆਂ ਨੇ ਮੰਨਿਆ ਕਿ ਰੋਜ਼ਗਾਰ ਕਿਤੇ ਨਹੀਂ, ਲੈ-ਦੇ ਕੇ ਫੌਜ, ਪੁਲਸ ਤੇ ਨੀਮ ਫੌਜੀ ਬਲ ਵਿੱਚ ਹੀ ਗੁੰਜਾਇਸ਼ ਬਚੀ ਹੈ। ਪੁਲਸ ਵਿੱਚ ਭਰੀਤ ਹੋਣ ਲਈ ਪੈਸਾ ਬਹੁਤ ਚਾਹੀਦਾ ਹੈ, ਫੌਜ 'ਚ ਮਾਪਦੰਡ ਸਖ਼ਤ ਹਨ ਤੇ ਨੀਮ ਫੌਜੀ ਬਲਾਂ ਵਿੱਚ ਕੁਝ ਨਰਮੀ ਹੁੰਦੀ ਹੈ। ਘਰ ਦੇ ਹਾਲਾਤ ਮਜਬੂਰ ਕਰ ਰਹੇ ਹਨ।

ਪੰਜਾਬ ਤੋਂ ਲੈ ਕੇ ਹਰਿਆਣਾ ਅਤੇ ਇਸ ਨਾਲ ਲੱਗਦੇ ਰਾਜਸਥਾਨ ਦੇ ਸ਼ੇਖਾਵਾਟੀ (ਸੀਕਰ, ਚੁਰੂ, ਝੁੰਝਨੂ ਜ਼ਿਲ੍ਹੇ) ਇਲਾਕਿਆਂ 'ਚ ਅਜਿਹੀਆਂ ਸੈਂਕੜੇ ਡਿਫੈਂਸ ਅਕੈਡਮੀਆਂ ਹਨ, ਜੋ ਬੇਰੋਜ਼ਗਾਰ ਮੁੰਡਿਆਂ ਨੂੰ ਫੌਜ 'ਚ ਭਰਤੀ ਹੋਣ ਲਈ ਸਖ਼ਤ ਸਰੀਰਕ ਇਮਤਿਹਾਨ ਲਈ ਤਿਆਰ ਕਰਦੀਆਂ ਹਨ। ਹਾਈਵੇ ਦੇ ਦੋਵੇਂ ਪਾਸੇ ਇਨ੍ਹਾਂ ਅਕੈਡਮੀਆਂ ਦੀ ਭਰਮਾਰ ਹੈ। ਇਸ ਦੇ ਨਾਲ ਹੀ ਖਾਸ ਤੌਰ 'ਤੇ ਪੰਜਾਬ ਵਿੱਚ ਸਪੋਕਨ ਇੰਗਲਿਸ਼, ਸਪੋਕਨ ਫਰੈਂਚ, ਵੀਜ਼ੇ ਲਈ ਤਿਆਰ ਕਰਨ ਵਾਲੀਆਂ ਸੰਸਥਾਵਾਂ ਨਜ਼ਰ ਆਉਂਦੀਆਂ ਹਨ।



ਸੰਗਰੂਰ 'ਚ ਅਜਿਹੀ ਇੱਕ ਸੰਸਥਾ 'ਚ ਕੁਝ ਨੌਜਵਾਨ ਮੁੰਡਿਆਂ-ਕੁੜੀਆਂ ਨਾਲ ਗੱਲਬਾਤ ਹੋਈ ਤਾਂ ਉਹ ਕਹਿਣ ਲੱਗੇ ਕਿ ਇਥੇ ਰੋਜ਼ਗਾਰ ਮਿਲੇ ਤਾਂ ਵਿਦੇਸ਼ ਕਿਉਂ ਜਾਣਾ ਪਵੇ, ਫੌਜ 'ਚ ਕਿਉਂ ਜਾਣਾ ਪਵੇ। ਸਰਕਾਰੀ ਨੌਕਰੀਆਂ ਨਾਮਾਤਰ ਹਨ, ਪ੍ਰਾਈਵੇਟ ਨੌਕਰੀਆਂ 'ਚ ਤਨਖਾਹ ਘੱਟ ਹੈ ਅਤੇ ਖੁਦ ਦਾ ਕਾਰੋਬਾਰ ਕਰਨ ਲਈ ਨਾ ਤਾ ਪੈਸਾ ਤੇ ਨਾ ਹੀ ਹੁਨਰ।

ਇੱਕ ਨੌਜਵਾਨ ਦਾ ਕਹਿਣਾ ਸੀ ਕਿ ਇਹ ਸਿਆਸੀ ਸਿਸਟਮ ਦਾ ਫੇਲ੍ਹ ਹੋਣਾ ਹੈ। ਸਭ ਤੋਂ ਦੁੱਖਦਾਈ ਪਹਿਲੂ ਇਹ ਹੈ ਕਿ ਇਹ ਨੌਜਵਾਨ ਉਮੀਦ ਛੱਡ ਚੁੱਕੇ ਹਨ। ਉਨ੍ਹਾਂ ਨੂੰ ਲੱਗਦਾ ਹੀ ਨਹੀਂ ਕਿ ਕੁਝ ਬਦਲਣ ਵਾਲਾ ਹੈ। ਕਹਿੰਦੇ ਹਨ ਕਿ ਜੇ ਕੁਝ ਬਦਲਿਆ ਵੀ ਤਾਂ ਉਹ ਅਮੀਰਾਂ, ਰਸੂਖਦਾਰਾਂ ਦੇ ਹਿੱਸੇ ਹੀ ਆਵੇਗਾ।

ਬਿਹਾਰ ਦੇ ਨਵਾਦਾ 'ਚ ਕੋਚਿੰਗ ਇੰਸਟੀਚਿਊਟ ਇੱਕ ਕਤਾਰ 'ਚ ਨਜ਼ਰ ਆਉਂਦੇ ਹਨ। ਇੱਕ ਜਗ੍ਹਾ ਆਨਲਾਈਨ ਪੜ੍ਹਾਈ ਹੋ ਰਹੀ ਸੀ। ਇੱਕ ਕਮਰੇ ਵਿੱਚ ਬੱਚੇ ਬੈਠੇ ਸਨ ਤੇ ਸਾਹਮਣੇ ਸਫੈਦ ਬੋਰਡ 'ਤੇ ਗਣਿਤ ਦੇ ਸਵਾਲ ਹੱਲ ਹੋ ਰਹੇ ਸਨ। ਇਹ ਸਵਾਲ ਕੋਈ ਦਿੱਲੀ ਵਿੱਚ ਬੈਠ ਕੇ ਹੱਲ ਕਰ ਰਿਹੀ ਸੀ ਤੇ ਬੱਚੇ ਆਪਣੇ ਤੌਰ 'ਤੇ ਗਣਿਤ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ। ਅਜਿਹੀ ਇੱਕ ਸੰਸਥਾ ਦੇ ਬਾਹਰ ਨੌਜਵਾਨ ਮੁੰਡਿਆਂ-ਕੁੜੀਆਂ ਨਾਲ ਗੱਲ ਹੋਈ, ਜੋ ਨੇੜਲੇ ਕਸਬਿਆਂ ਤੋਂ ਆਏ ਸਨ ਤੇ ਉਥੇ ਕਿਰਾਏ 'ਤੇ ਕਮਰਾ ਲੈ ਕੇ ਰਹਿੰਦੇ ਹਨ। ਇੱਕ ਕਮਰੇ ਵਿੱਚ ਤਿੰਨ-ਚਾਰ ਮੁੰਡੇ ਇਕੱਠੇ ਰਹਿੰਦੇ ਹਨ। ਕੋਈ ਬੈਂਕ ਦੇ ਪੇਪਰ ਦੀ ਤਿਆਰੀ ਕਰ ਰਿਹਾ ਹੈ ਤਾਂ ਕੋਈ ਆਈ ਏ ਐੱਸ ਦੀ, ਕੋਈ ਕੰਪਿਊਟਰ ਕੋਰਸ ਕਰ ਰਿਹਾ ਹੈ ਤਾਂ ਕੋਈ ਐੱਨ ਡੀ ਏ ਦੀ ਤਿਆਰੀ। ਸਾਰੇ ਪੜ੍ਹਨਾ ਚਾਹੁੰਦੇ ਹਨ, ਅੱਗੇ ਵਧਣਾ ਚਾਹੁੰਦੇ ਹਨ ਤੇ ਬਿਹਤਰ ਜ਼ਿੰਦਗੀ ਜਿਊਣਾ ਚਾਹੁੰਦੇ ਹਨ ਤੇ ਇਸ ਲਈ ਭਰਪੂਰ ਮਿਹਨਤ ਕਰਨ ਲਈ ਵੀ ਤਿਆਰ ਹਨ, ਪਰ ਸਵਰਣਾਂ ਨੂੰ ਲੱਗਾ ਹੈ ਕਿ ਪ੍ਰਮੋਸ਼ਨ ਤੱਕ 'ਚ ਰਾਖਵਾਂਕਰਨ ਦੇਣਾ ਗਲਤ ਹੈ। (ਇਹ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਪਹਿਲਾਂ ਦੀ ਗੱਲ ਹੈ।)

ਨਵਾਦਾ ਤੋਂ ਲੈ ਕੇ ਗੁਣਾ ਅਤੇ ਅਮੇਠੀ ਤੱਕ ਕੰਪੀਟੀਸ਼ਨ ਦੀ ਤਿਆਰੀ ਕਰਦੇ ਨੌਜਵਾਨਾਂ ਦਾ ਇਹ ਕਹਿਣਾ ਸੀ ਕਿ ਰਾਖਵਾਂਕਰਨ ਆਰਥਿਕ ਆਧਾਰ 'ਤੇ ਹੋਣਾ ਚਾਹੀਦਾ ਹੈ। ਅਨੁਸੂਚਿਤ ਜਾਤੀ ਤੇ ਜਨਜਾਤੀ ਨੂੰ ਮਿਲਣ ਵਾਲੇ ਰਾਖਵੇਂਕਰਨ ਵਿੱਚ ਓ ਬੀ ਸੀ ਵਾਂਗ ਜਾਂ ਕ੍ਰੀਮੀ ਲੇਅਰ ਲਾਗੂ ਹੋਵੇ ਜਾਂ ਫਿਰ ਅਜਿਹੀ ਵਿਵਸਥਾ ਕੀਤੀ ਜਾਵੇ ਕਿ ਦੋ ਜਾਂ ਤਿੰਨ ਪੀੜ੍ਹੀਆਂ ਤੋਂ ਬਾਅਦ ਅਗਲੀ ਪੀੜ੍ਹੀ ਖੁਦ ਰਾਖਵੇਂਕਰਨ ਨੂੰ ਛੱਡ ਦੇਵੇ, ਇਸ ਨਾਲ ਉਸ ਜਾਤੀ ਵਿਸ਼ੇਸ਼ ਦੇ ਸਭ ਤੋਂ ਦੱਬੇ-ਕੁਚਲੇ ਲੋਕਾਂ ਨੂੰ ਵੀ ਅੱਗੇ ਆਉਣ ਦਾ ਮੌਕਾ ਮਿਲੇਗਾ ਤੇ ਸਹੀ ਅਰਥਾਂ ਵਿੱਚ ਸਮਾਜਕ ਨਿਆਂ ਹੋ ਸਕੇਗਾ।

ਕੁੱਲ ਮਿਲਾ ਕੇ ਅਜਿਹੇ 14 ਕਰੋੜ ਨੌਜਵਾਨ ਵੋਟਰ ਇਹੋ ਚਾਹੁੰਦੇ ਹਨ ਕਿ ਉਹ ਜਿੱਥੇ ਪੜ੍ਹਨਾ ਚਾਹੁਣ, ਉਨ੍ਹਾਂ ਨੂੰ ਉਥੇ ਪੜ੍ਹਨ ਦਾ ਮੌਕਾ ਮਿਲੇ, ਜਿਸ ਫੀਲਡ ਵਿੱਚ ਨੌਕਰੀ ਚਾਹੁੰਦੇ ਹਨ, ਉਥੇ ਕੰਪੀਟ ਕਰਨ ਦਾ ਸਹੀ ਮੌਕਾ ਮਿਲੇ। ਨੌਜਵਾਨ ਵੋਟਰ ਚਾਹੁੰਦੇ ਹਨ ਕਿ ਖਾਣ-ਪੀਣ, ਪਹਿਨਣ ਤੇ ਕਿੱਥੇ ਕਿਸ ਨਾਲ ਘੁੰਮਣਾ ਹੈ, ਇਹ ਉਨ੍ਹਾਂ 'ਤੇ ਹੀ ਛੱਡਿਆ ਜਾਵੇ। ਗਊ, ਗਊ ਰੱਖਿਆ ਵਰਗੇ ਮਾਮਲੇ ਉਨ੍ਹਾਂ ਦੀ ਸਮਝ ਤੋਂ ਬਾਹਰ ਹਨ, ਕਿਉਂਕਿ ਇਹ ਸਿਆਸਤ ਤੋਂ ਪ੍ਰੇਰਿਤ ਹਨ।

ਨੌਜਵਾਨ ਵੋਟਰ ਨੂੰ ਲੱਗਦਾ ਹੈ ਕਿ ਕਿਸਾਨਾਂ ਨੂੰ ਲਾਗਤ 'ਤੇ ਲਾਭ ਮਿਲਣਾ ਚਾਹੀਦਾ ਹੈ ਤੇ ਸਿਖਿਆ ਨਾਲ ਜੁੜੀਆਂ ਸੇਵਾਵਾਂ 'ਤੇ ਜੀ ਐੱਸ ਟੀ ਘੱਟ ਤੋਂ ਘੱਟ ਹੋਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਨੌਜਵਾਨ ਵੋਟਰ ਆਮ ਤੌਰ 'ਤੇ ਖੁਦ ਨੂੰ ਸਿਆਸਤ ਤੋਂ ਦੂਰ ਹੀ ਰੱਖਦਾ ਹੈ। ਤੇ ਉਸ ਨੂੰ ਨੇਤਾਵਾਂ ਤੋਂ ਕੋਈ ਖਾਸ ਉਮੀਦ ਨਹੀਂ ਬਚੀ। ਇਸ ਇੰਨੇ ਵੱਡੇ ਵੋਟ ਬੈਂਕ ਨੂੰ ਸੰਭਾਲਣ ਲਈ ਅਜੇ ਤੱਕ ਨਾ ਮੋਦੀ ਪਹੁੰਚੇ ਹਨ ਤੇ ਨਾ ਰਾਹੁਲ ਗਾਂਧੀ। ਕੁੱਲ ਮਿਲਾ ਕੇ ਇੱਕ ਬੂਥ, ਦਸ ਬੂਥ, ਵੀਹ ਬੂਥ ਦੀ ਚਿੰਤਾ ਕਰਨ ਵਾਲਿਆਂ ਨੂੰ ਇਸ 14 ਕਰੋੜ ਯੂਥ ਦੀ ਗੱਲ ਸੁਣਨੀ ਚਾਹੀਦੀ ਹੈ ਤੇ ਨੌਜਵਾਨਾਂ ਦਾ ਭਵਿੱਖ ਸੰਵਾਰਨ ਦੇ ਗੰਭੀਰ ਯਤਨ ਕਰਨੇ ਚਾਹੀਦੇ ਹਨ।

# ਰਸੋਈ ਯੁੱਧ ਦੀ ਜਿੱਤ ਹਾਰ

-ਹਰਦੀਪ ਸਿੰਘ ਜਟਾਣਾ-

ਸਕੂਲ ਦੀਆਂ ਵਿਦਿਆਰਥਣਾਂ ਦਾ ਵਿੱਦਿਅਕ ਟੂਰ ਲੈ ਕੇ ਜਾਣ ਕਰਕੇ 'ਰਸੋਈ ਦੀ ਮਾਲਕਣ' ਦੀ ਪੂਰੇ ਪੰਜ ਦਿਨ ਰਸੋਈ 'ਚੋਂ ਗੈਰ ਹਾਜ਼ਰੀ ਰਹੀ। ਮੈਂ ਤੇ ਮੇਰੇ ਪੁੱਤਰ ਨੇ ਇਕ ਦਿਨ ਤਾਂ ਹੋਟਲ ਤੋਂ ਲਿਆ ਕੇ ਰੋਟੀ ਛਕੀ, ਪਰ ਦੂਸਰੇ ਦਿਨ ਘਰ ਦੀ ਰੋਟੀ ਖਾਣ ਨੂੰ ਜੀਅ ਕਰ ਆਇਆ। ਆਹਰ ਵਜੋਂ ਖਾਣ ਪੀਣ ਦਾ ਸਾਰਾ ਸਮਾਨ ਬਣਾਉਣ ਦੀ ਡਿਊਟੀ ਮੈਂ ਸੰਭਾਲ ਲਈ। ਪਹਿਲੀ ਨਜ਼ਰੇ ਲੱਗਿਆ, ਆਹ ਦਾਲ ਸਬਜ਼ੀ ਤੇ ਰੋਟੀ ਵਾਲਾ ਕੰਮ ਖੱਬੇ ਹੱਥ ਦਾ ਹੈ। ਚਾਕੂ, ਕੌਲੀਆਂ ਤੇ ਹੋਰ ਭਾਂਡੇ ਟੀਂਡੇ ਇਕੱਠੇ ਕਰਦਿਆਂ ਸੋਚ ਰਿਹਾ ਸੀ ਕਿ ਨਿੱਕਾ ਜਿਹਾ ਕੰਮ ਕਰਕੇ ਪਤਨੀ ਐਵੇਂ ਰੋਜ਼ ਥਕੇਵੇਂ ਦੀ ਗੱਲ ਕਹਿ ਕੇ ਫੁੰਕਾਰੇ ਮਾਰਦੀ ਰਹਿੰਦੀ ਹੈ। ਲੋੜ ਅਨੁਸਾਰ ਆਲੂ, ਗੰਢੇ, ਲਸਣ ਆਦਿ ਟੋਕਰੀਆਂ 'ਚੋਂ ਚੁੱਕਦਿਆਂ ਲੱਗ ਰਿਹਾ ਸੀ, ਭਲਾ ਆਹ ਵੀ ਕੋਈ ਕੰਮ ਨੇ, ਚਾਰ ਕੱਟ ਇੱਧਰ ਮਾਰੇ, ਚਾਰ ਉਧਰ ਤੇ ਸਮਾਨ ਤਿਆਰ।

ਸਭ ਤੋਂ ਪਹਿਲਾਂ ਮੱਥਾ ਗੰਢੇ ਨਾਲ ਲੱਗ ਗਿਆ। ਅਜੇ ਦੋ ਕੁ ਕੱਟ ਮਾਰੇ ਸਨ ਕਿ ਅੱਖਾਂ ਵਰਸਣ ਲੱਗ ਪਈਆਂ। ਗੰਢੇ ਦੀ ਕੁੜੱਤਣ ਕਾਰਨ ਮੇਰੀਆਂ ਅੱਖਾਂ ਵਿੱਚ ਦਰਲ-ਦਰਲ ਨਿਕਲ ਰਹੇ ਹੰਝੂ ਇੰਝ ਲੱਗਦੇ ਸਨ, ਜਿਵੇਂ ਦੁਨੀਆ ਦਾ ਸਭ ਤੋਂ ਜ਼ਿਆਦਾ ਰੋਣ ਧੋਣ ਵਾਲਾ ਬੰਦਾ ਮੈਂ ਹੀ ਹੋਵਾਂ। ਫਿਰ ਪੋਲੇ ਜਿਹੇ ਸਮਝ ਕੇ ਟਮਾਟਰਾਂ ਉੱਤੇ ਦੀ ਅਜ਼ਮਾਈ ਕੀਤੀ, ਪਰ ਉਹ ਗੱਲ ਨਾ ਬਣੀ। ਲਸਣ ਦੀਆਂ ਅੜਬ ਗੰਢੀਆਂ ਨੇ ਛਿੱਲਣ ਵਕਤ ਮੇਰੇ ਨਹੁੰ ਮੱਚਣ ਲਾ ਦਿੱਤੇ। ਫਿਰ ਮਸਾਲੇ ਦਾ ਸਮਾਨ ਹੋਰ ਸਵਾਦੀ ਬਣਾਉਣ ਲਈ ਚਾਰ ਪੰਜ ਹਰੀਆਂ ਮਿਰਚਾਂ ਚੀਰ ਲਈਆਂ। ਇੰਨੇ ਨੂੰ ਫੋਨ ਦੀ ਘੰਟੀ ਵੱਜ ਗਈ। ਫੋਨ ਸੁਣਦਿਆਂ ਅਚਾਨਕ ਖੱਬਾ ਹੱਥ ਅੱਖਾਂ ਨੂੰ ਲੱਗ ਗਿਆ। ਫਿਰ ਕੀ ਸੀ, ਅੱਖਾਂ ਮੱਚਣ ਕਰਕੇ ਫੋਨ ਅੱਧ ਵਾਟੇ ਕੱਟਣਾ ਪਿਆ। ਮਿਰਚਾਂ ਦਾ ਅਸਰ ਘੱਟ ਕਰਨ ਲਈ ਅੱਖਾਂ ਦੁਆਲੇ ਦੇਸੀ ਘਿਓ ਮਲਿਆ। ਫਿਰ ਜਦੋਂ ਸਾਰੇ ਮਸਾਲੇ ਭੁੰਨ ਕੇ ਕੁੱਕਰ ਵਿੱਚ ਥੋੜ੍ਹਾ ਪਾਣੀ ਪਾਇਆ ਤਾਂ ਮਸਾਲੇ ਦੀ ਧੁਆਂਸ ਨੇ ਛਿੱਕਾਂ ਅਤੇ ਨਲੀਆਂ ਦੀ ਰੌਣਕ ਲਾ ਦਿੱਤੀ।

ਕਾਫੀ ਜਦੋ ਜਹਿਦ ਬਾਅਦ ਸਬਜ਼ੀ ਬਣਾਉਣ ਵਿੱਚ ਸਫਲ ਹੋ ਗਿਆ ਤਾਂ ਆਟਾ ਗੁੰਨ੍ਹਣ ਦੀ ਵਾਰੀ ਆ ਗਈ। ਆਟੇ ਵਾਲੀ ਟੈਂਕੀ 'ਚੋਂ ਆਟਾ ਛਾਨਣ ਤੱਕ ਸਭ ਠੀਕ ਠਾਕ ਰਿਹਾ। ਛਾਨਣੀ 'ਚੋਂ ਪਲ-ਪਲ ਕਰ ਰਿਹਾ ਆਟਾ ਸੋਹਣਾ ਦ੍ਰਿਸ਼ ਪੇਸ਼ ਕਰ ਰਿਹਾ ਸੀ, ਪਰ ਜਦੋਂ ਪਾਣੀ ਪਾਉਣ ਲੱਗਾ ਤਾਂ ਆਟਾ ਪਰਾਤ 'ਚ ਇਵੇਂ ਫਿਰੇ, ਜਿਵੇਂ ਤਲਾਅ 'ਚ ਮੱਛੀਆਂ। ਅਸਲ 'ਚ ਮੈਥੋਂ ਪਾਣੀ ਵਾਲਾ ਜੱਗ ਪਰਾਤ 'ਚ ਕੁਝ ਜ਼ਿਆਦਾ ਟੇਢਾ ਹੋ ਗਿਆ ਸੀ। ਪਰਾਤ ਦੀ ਹਾਲਤ ਸੁਧਰਦੀ ਨਾ ਵੇਖ ਉਹ ਆਟਾ ਪੰਛੀਆਂ ਨੂੰ ਦਾਨ ਪੁੰਨ ਕਰ ਕੇ ਪਰਾਤ ਵਿਹਲੀ ਕੀਤੀ। ਜਦੋਂ ਪੇੜੇ ਬਣਾਉਣ ਤੱਕ ਪੁੱਜ ਗਿਆ ਤਾਂ ਵੇਲਣ ਦੀ ਸਮੱਸਿਆ ਆਣ ਖੜੀ ਹੋਈ। ਵੇਲਣੇ 'ਤੇ ਜ਼ਿਆਦਾ ਦਬਾਅ ਪਾ ਬੈਠਾ ਤਾਂ ਪੇੜੇ ਨੇ ਚਕਲੇ ਨੂੰ ਜੱਫੀ ਮਾਰ ਲਈ। ਰੇਲ ਗੱਡੀ ਦੀ ਲਾਇਨ 'ਤੇ ਰੱਖੀ ਦਸੀ (ਦਸ ਪੈਸੇ) ਵਾਂਗ ਹੋਈ ਰੋਟੀ ਮੈਂ ਚਾਕੂ ਨਾਲ ਖੁਰਚ ਕੇ ਉਤਾਰੀ।

ਦੂਸਰੇ ਓਵਰ 'ਚ ਕੁਝ ਸਫਲਤਾ ਮਿਲੀ ਤਾਂ ਰੋਟੀ ਦਾ ਤਵੇ ਨਾਲ ਰੌਲਾ ਹੋ ਗਿਆ। ਆਪਸੀ ਲੜਾਈ 'ਚ ਰੋਟੀ ਹੇਠੋਂ ਤਵੇ ਨੇ ਧੂੰਏਂ ਵਾਲਾ ਇੰਜਣ ਚਲਾ ਦਿੱਤਾ। ਕਾਹਲੀ ਨਾਲ ਖਾਲੀ ਹੱਥ ਹੀ ਤਵੇ ਤੋਂ ਰੋਟੀ ਚੁੱਕਣੀ ਚਾਹੀ ਤਾਂ ਕਾਲੇ ਤਵੇ ਦਾ ਗੁੱਸਾ ਉਂਗਲਾਂ ਦੇ ਪੋਟੇ ਲਾਲ ਕਰ ਗਿਆ। ਕੱਚੀਆਂ ਪਿੱਲੀਆਂ ਰੋਟੀਆਂ ਪਿੱਛੋਂ ਜਦੋਂ ਦੁੱਧ ਉਬਾਲਣ ਦੀ ਤਿਆਰੀ ਕੀਤੀ ਤਾਂ ਕਿੰਨਾ ਸਮਾਂ ਦੁੱਧ ਵਾਲੇ ਟੋਪੀਏ ਨੇ ਟੱਸ ਤੋਂ ਮੱਸ ਨਾ ਕੀਤੀ। ਮੈਂ ਥੋੜ੍ਹਾ ਸਹਿਜ ਹੋ ਗਿਆ। ਇਸੇ ਦੌਰਾਨ ਫੋਨ ਦੀ ਘੰਟੀ ਵੱਜ ਗਈ। ਗੱਲਾਂ-ਗੱਲਾਂ ਵਿੱਚ ਰਸੋਈ ਤੋਂ ਬਾਹਰ ਚਲਾ ਗਿਆ ਅਤੇ ਭੁੱਲ ਗਿਆ ਕਿ ਗੈਸ 'ਤੇ ਦੁੱਧ ਉਬਾਲਣਾ ਰੱਖਿਆ ਹੈ। ਥੋੜ੍ਹੇ ਸਮੇਂ ਬਾਅਦ ਯਾਦ ਆਇਆ ਤਾਂ ਰਸੋਈ ਦੀ ਸੈਲਫ ਦਾ ਕਾਫੀ ਹਿੱਸਾ ਦੁੱਧ ਨਾਲ ਇਸ਼ਨਾਨ ਕਰ ਚੁੱਕਾ ਸੀ।

ਖੈਰ! ਆਪ ਬਣਾਏ ਭੋਜਨ ਦਾ ਆਨੰਦ ਤਾਂ ਆਇਆ, ਪਰ ਜਦੋਂ ਖਾਲੀ ਭਾਂਡੇ ਰੱਖਣ ਸਿੰਕ ਕੋਲ ਗਿਆ ਤਾਂ ਵਿੱਚ ਪਈਆਂ ਕੌਲੀਆਂ, ਬਾਟੀਆਂ, ਚਮਚੇ ਤੇ ਕੜਛੀਆਂ ਛੇੜਨ ਵਾਲੇ ਅੰਦਾਜ਼ 'ਚ ਕਹਿੰਦੇ ਜਾਪੇ, ਕਿਵੇਂ, ਥੱਕ ਗਿਆ ਲੱਗਦੈਂ? ਪਾਸਾ ਜਿਹਾ ਵੱਟ ਕੇ ਮੁੜਨ ਲੱਗਾ ਤਾਂ ਛਾਲ ਮਾਰ ਕੇ ਥਾਲ ਅੱਗੇ ਆ ਗਿਆ। ਕਹਿੰਦਾ, ਉਦੋਂ ਤਾਂ ਬੜੇ ਨਘੋਚ ਕੱਢਦਾ ਹੁੰਨੈ, ਅਖੇ, ਆਹ ਸਾਫ ਨਹੀਂ, ਅਹੁ ਸਾਫ ਨਹੀਂ! ਅੱਜ ਮੈਦਾਨ ਛੱਡ ਕੇ ਭੱਜ ਚੱਲਿਐਂ। ਥਾਲ ਨੂੰ ਬੋਲਦਾ ਵੇਖ ਚਿੱਬੀ ਜਿਹੀ ਕੌਲੀ 'ਚ ਵੀ ਹਿੰਮਤ ਆ ਗਈ। ਕੁਦਾੜਾ ਜਿਹਾ ਮਾਰ ਕੇ ਆਂਹਦੀ, ਉਦੋਂ ਭੋਰਾ ਲੂਣ ਘੱਟ ਵੱਧ ਬਦਲੇ ਮੈਨੂੰ ਚਲਾ-ਚਲਾ ਮਾਰਦਾ ਹੁੰਨੈ। ਬਹਾਨਾ ਜਿਹਾ ਬਣਾ ਕੇ ਮੈਂ ਪਖਾਨੇ ਵੱਲ ਤੁਰ ਪਿਆ। ਫਿਰ ਠੰਢੇ ਮਨ ਨਾਲ ਸੋਚਿਆ, ਗੱਲ ਤਾਂ ਪਲੇਟਾਂ ਚਮਚਿਆਂ ਦੀ ਸੋਲਾਂ ਆਨੇ ਸੱਚ ਹੈ। ਮੈਂ ਚੁੱਪ ਚੁਪੀਤਾ ਜਿਹਾ ਸੜਕ ਵੱਲ ਚਲਾ ਗਿਆ। ਉਸ ਵਕਤ ਮੇਰੀ ਤੋਰ 'ਚ ਇਸ ਤਰ੍ਹਾਂ ਦੀ ਸੁਸਤੀ ਸੀ, ਜਿਵੇਂ ਮੈਂ ਰਸੋਈ ਵਾਲਾ ਯੁੱਧ ਹਾਰ ਕੇ ਮੁੜ ਰਿਹਾ ਹੋਵਾਂ।

ਕਹਾਣੀ

# ਦਿਓ

ਲੇਖਕ- ਸੁਖਦੇਵ ਸਿੰਘ ਮਾਨ

ਸਾਖੀ ਦਾ ਪੰਨਾ ਪਲਟਦਾ ਹਾਂ। ਅੱਜ ਮੋਟੇ ਅੱਖਰ ਵੀ ਧੁੰਦਲੇ ਦਿਖਾਈ ਦਿੰਦੇ ਹਨ। ਉਂਜ ਸੈਂਕੜੇ ਕਥਾਵਾਂ ਮੈਨੂੰ ਯਾਦ ਹਨ, ਪਰ ਗ੍ਰੰਥ ਫਰੋਲਦਿਆਂ, ਸਾਖੀਆਂ ਵਾਚਦਿਆਂ ਕੋਈ ਨਵੀਂ ਤੰਦ ਲੱਭ ਪੈਂਦੀ ਹੈ। ਅੱਜ ਕੱਲ੍ਹ ਸੰਗਤਾਂ ਨਵੇਂਪਣ ਦੀ ਮੰਗ ਕਰਨ ਲੱਗੀਆਂ ਹਨ। ਪੁਰਾਣੇ ਹਾਰਮੋਨੀਅਮ ਨਾਲ ਇਲੈਕਟ੍ਰੌਨਿਕ ਸਾਜ਼ ਆ ਗਏ ਹਨ। ਬਿਜਲਈ ਯੰਤਰਾਂ ਨੂੰ ਵਜਾਉਣ ਦਾ ਸ਼ਾਇਦ ਮੈਨੂੰ ਤਰੀਕਾ ਨਹੀਂ ਆਉਂਦਾ, ਘੱਟੋ-ਘੱਟ ਮੇਰਾ ਸ਼ਾਗਿਰਦ ਜਾਗਰ ਸਿੰਘ ਤਾਂ ਇਹੀ ਕਹਿੰਦਾ ਹੈ, 'ਖਾਲਸਾ ਜੀ, ਆਪਣਾ ਜਥਾ ਪੱਛੜਦਾ ਜਾ ਰਿਹੈ। ਅੱਜ ਕੱਲ੍ਹ ਕੀਰਤਨੀਏ ਵੀਜ਼ੇ ਲਵਾ ਕੇ ਕੈਨੇਡਾ ਜਾ ਰਹੇ ਐ। ਆਪਾਂ ਐਥੇ ਈ ਮਰਗਤ ਦੇ ਭੋਗਾਂ ਨੂੰ ਉਡੀਕੀ ਜਾਂਦੇ ਹਾਂ।' ਮੇਰੀ ਉਦਾਸੀ ਦੀ ਜਾਗਰ ਸਿੰਘ ਪਰਵਾਹ ਨਹੀਂ ਕਰਦਾ। ਕਈ ਵਾਰੀ ਬੋਲਣ ਲੱਗ ਪਵੇ ਤਾਂ ਬੋਲੀ ਜਾਂਦਾ ਹੈ। 'ਐਤਕੀਂ ਖਾਲਸਾ, ਮੈਂ ਟੈਟ ਦਾ ਪੇਪਰ ਦੇਣ ਤੋਂ ਵੀ ਖੁੰਝ ਗਿਆ। ਵਕਤ ਤਾਂ ਸਾਰਾ ਰਿਆਜ਼ 'ਚ ਲੰਘ ਜਾਂਦੈ। ਘਰ ਜਾ ਕੇ ਕਿਤਾਬ ਚੁੱਕਦਾ ਤਾਂ ਸਿਰ ਵਿੱਚ ਡਰੰਮ ਛੈਣੇ ਖੜਕਣ ਲੱਗ ਪੈਂਦੇ ਐ, ਬੁਰੇ ਫਸ ਗਏ ਹਾਂ ਖਾਲਸਾ ਜੀ।'

ਜਾਗਰ ਸਿੰਘ ਦੀਆਂ ਗੱਲਾਂ ਆਪਣੀ ਥਾਂ ਸਹੀ ਹਨ। ਦਰਅਸਲ ਸਾਡੇ ਕੀਰਤਨੀਆਂ 'ਚ ਵੀ ਮੁਕਾਬਲਾ ਚੱਲ ਪਿਆ ਹੈ। ਜਥੇ ਕਾਰਡ ਛਪਵਾ ਕੇ ਸੰਗਤਾਂ 'ਚ ਵੰਡਦੇ ਫਿਰਦੇ ਹਨ। ਇਕ ਮੈਂ ਹੀ ਉਨ੍ਹਾਂ ਵਿੱਚੋਂ ਹਾਂ, ਜਿਹੜਾ ਆਪ ਡੁੱਬਦਾ ਜਾਂਦਾ ਹਾਂ ਤੇ ਨਾਲ ਜਾਗਰ ਨੂੰ ਡੋਬੀ ਜਾਂਦਾ ਹਾਂ। ਜਾਗਰ ਕਦੇ-ਕਦੇ ਖਲਜਗਣ 'ਚੋਂ ਉਭਰ ਜਾਂਦਾ ਹੈ, ਪਰ ਮੇਰੀ ਹਾਲਤ ਸੱਪ ਮੂੰਹ ਆਈ ਕੋੜ੍ਹ ਕਿਰਲੀ ਵਾਲੀ ਹੈ। ਸਾਜ਼ ਵਜਾਉਣੇ ਸਿੱਖਾਂ ਜਾਂ ਗਲ ਪਈ ਕਬੀਲਦਾਰੀ ਦੀ ਬੇੜ੍ਹ ਧੂਹਾਂ? ਬਾਹਰ ਨਿਗ੍ਹਾ ਮਾਰਦਾ ਹਾਂ। ਅੰਮ੍ਰਿਤ ਵੇਲਾ ਹੈ। ਇਸ ਵੇਲ ਸੁਤਾ ਟਿਕ ਜਾਣੀ ਚਾਹੀਦੀ ਹੈ, ਪਰ ਮਨ ਦੀ ਭਟਕਣ ਬਾਣੀ ਦੇ ਥੰਮਾਂ ਨਾਲ ਵੀ ਕਾਬੂ ਨਹੀਂ ਆ ਰਹੀ। ਅੱਜ ਕੀਰਤਨ ਤੋਂ ਵੀ ਤਬੀਅਤ ਨਾਸਾਜ਼ ਹੋਣ ਦਾ ਬਹਾਨਾ ਲਾ ਕੇ ਛੁੱਟੀ ਮਾਰ ਲਈ ਹੈ। ਮੇਰੇ ਹਿੱਸੇ ਆਈ ਤਿੰਨ ਏਕੜ ਜ਼ਮੀਨ ਵੱਲ ਤੁਰ ਪੈਂਦਾ ਹਾਂ। ਇਸ ਖੇਤ ਦੀ ਆਪਣੀ ਕਹਾਣੀ ਹੈ। ਮਿੱਟੀ ਨਾਲ ਮਿੱਟੀ ਹੋ ਕੇ ਟਿੱਬੇ ਪੱਧਰ ਕੀਤੇ ਹਨ। ਬੋਰ ਲਾਇਆ ਹੈ। ਧੀ ਕਿਰਨ ਤੇ ਬੇਟੇ ਮੰਗਲ ਨੇ ਪੜ੍ਹਾਈ 'ਚੋਂ ਸਮਾਂ ਬਚਾ ਮੇਰੇ ਨਾਲ ਹੱਥ ਵਟਾਇਆ ਹੈ। ਘਰ ਲਈ ਸਾਲ ਭਰ ਦੇ ਦਾਣੇ ਖੇਤ ਦੇਣ ਲੱਗ ਪਿਆ। ਚੰਗੀਆਂ ਜ਼ਮੀਨਾਂ ਵਾਲੇ ਮੇਰੇ ਮਿੱਟੀ ਨਾਲ ਲੱਥ ਪੱਥ ਚੋਲੇ ਨੂੰ ਦੇਖ ਮਖੌਲਾਂ ਕਰਦੇ ਹਨ, 'ਖਾਲਸਾ ਜੀ, ਖੇਤੀ ਏਨਾ ਸੌਖਾ ਕੰਮ ਨਹੀਂ। ਆਹ ਟਿੱਬੇ ਤਾਂ ਲਹੂ ਪੀ ਲੈਂਦੇ ਐ।' ਮੈਂ ਸ਼ਾਂਤ ਰਹਿ ਕੇ ਉਤਰ ਦਿੰਦਾ ਹਾਂ, 'ਮੇਰੇ ਗੁਰੂ ਦਾ ਕਿਰਤ 'ਚ ਭਰੋਸਾ ਸੀ ਗੁਰਮੁੱਖੋ। ਮੇਰਾ ਰਾਹ ਉਹੀ ਹੈ।'

ਅੱਜ ਮਨ ਧੀਰ ਨਹੀਂ ਧਰ ਰਿਹਾ। ਵਿਸ਼ਵਾਸ ਥਾਲੀ ਦੇ ਪਾਣੀ ਵਾਂਗ ਡੋਲ ਰਿਹਾ ਹੈ। ਖੇਤ ਵਿੱਚ ਮੈਂ ਉਥੇ ਜਾ ਖੜਾ, ਜਿਥੇ ਬੇਟੇ ਮੰਗਲ ਨੇ ਪੇਂਦੂ ਬੇਰੀ ਲਾਈ ਹੈ। ਬੇਰੀ ਫੈਲਦੀ ਗਈ। ਬੇਟੇ ਤੋਂ ਇਕ ਨਿਆਣਪੁਣਾ ਹੋ ਗਿਆ ਕਿ ਉਸ ਨੇ ਬੇਰੀ ਖੇਤ ਦੇ ਵਿਚਕਾਰ ਲਾ ਦਿੱਤੀ। ਮੈਂ ਮੰਗਲ ਨਾਲ ਇਹ ਨੁਕਸ ਵੀ ਸਾਂਝਾ ਨਾ ਕੀਤਾ। ਥੋੜ੍ਹੇ ਜਿਹੇ ਚਾਨਣ 'ਚ ਮੈਂ ਬੇਰੀ ਦੀਆਂ ਕੂਲੀਆਂ ਪਲੁਮਣਾਂ ਪਲੋਸਣ ਲੱਗਾ। ਅੱਖਾਂ ਵਿੱਚੋਂ ਆਪਮੁਹਾਰੇ ਨੀਰ ਚੱਲ ਪਿਆ। ਵਿਰਲੇ-ਵਿਰਲੇ ਚਿੱਟੇ ਵਾਲਾਂ ਨਾਲ ਪ੍ਰਕਾਸ਼ ਹੋਏ ਦਾੜ੍ਹੇ ਵਿਚ ਦੀ ਹੰਝੂ ਧਰਤੀ 'ਤੇ ਕਿਰਨ ਲੱਗੇ। ਉਂਜ ਮੈਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਕਥਾ ਸੁਣਾਉਂਦਿਆਂ ਮਨ ਮੁਸ਼ਕਿਲ ਨਾਲ ਕਾਬੂ ਰੱਖਦਾ ਹੈ, ਪਰ ਅੱਜ ਮਨ ਵੱਸੋਂ ਬਾਹਰ ਹੈ। ਬਾਣੀ 'ਚੋਂ ਮਨ ਨੂੰ ਥੰਮ ਸਕਣ ਵਾਲੇ ਕਿੰਨੇ ਸ਼ਬਦ ਉਚਾਰਨ ਦਾ ਮੈਂ ਯਤਨ ਕਰਦਾ ਹਾਂ, ਗ੍ਰਹਿਸਥ ਮਾਰਗ 'ਤੇ ਚੱਲਦਿਆਂ ਵੀ ਸੰਨਿਆਸੀ ਵਰਗਾ ਆਚਰਨ ਧਾਰਨ ਦੀ ਸੰਗਤ ਨੂੰ ਤਾਕੀਦ ਕਰਦਾ ਰਹਿੰਦਾ ਹਾਂ, ਪਰ ਮਨ ਹੈ ਕਿ ਅੱਜ ਕਾਬੂ ਨਹੀਂ ਆ ਰਿਹਾ।

ਮੰਗਲ ਨੇ ਬੇਰੀ ਨੂੰ ਮੱਛਰਦਾਨੀਆਂ ਨਾਲ ਕੱਜ-ਆ ਹੈ। ਆਪਣੀ ਡਿਗਰੀ ਲਈ ਸਿੱਖਿਆ ਅਦਾਰੇ ਨੂੰ ਜਾਂਦਾ ਮੰਗਲ ਬੋਲਿਆ, 'ਡੈਡੀ, ਮੇਰੇ ਬੇਰ ਤੋਤੇ ਨਾ ਟੁੱਕ ਜਾਣ, ਧਿਆਨ ਰੱਖਣਾ।' ਮੰਗਲ ਦੀ ਤਾੜਨਾ ਯਾਦ ਕਰ ਮੇਰੇ ਬਚਪਨ 'ਚ ਪਿੜਾਂ ਵਿੱਚ ਦੇਖੇ ਡਰਾਮੇ ਦੀਆਂ ਸਤਰਾਂ ਯਾਦ ਆ ਗਈਆਂ, 'ਗੋਪੀਆ ਸੰਭਾਲ ਘੁੱਕਰਾ, ਟੁੱਕ ਜਾਣ ਨਾ ਵਲੈਤੀ ਚੁੰਝਾਂ ਵਾਲੇ..।'

ਬੇਰ ਤਾਂ ਟੁੱਕੇ ਜਾ ਚੁੱਕੇ ਹਨ। ਦਰਅਸਲ ਮੈਂ ਬੇਰੀ ਵਾਲੀਆਂ ਤਿੰਨ ਕਨਾਲਾਂ ਦਾ ਬਿਆਨਾ ਜ਼ਿਮੀਂਦਾਰ ਮੱਘਰ ਤੋਂ ਫੜ ਚੁੱਕਾ ਹਾਂ। ਬੇਰੀ ਲਾਉਣ ਵਾਲੇ ਤੋਂ, ਬੇਰਾਂ ਦੀ ਰਾਖੀ ਦੀ ਤਾੜਨਾ ਕਰਨ ਵਾਲੇ ਤੋਂ ਮੈਂ ਇਹ ਗੱਲ ਲੁਕੋਈ ਫਿਰਦਾ ਹਾਂ, ਪਰ ਇਹ ਪਰਦਾ ਕਿੰਨੇ ਦਿਨ ਰਹੇਗਾ? ਜਦੋਂ ਮੰਗਲ ਨੂੰ ਮਜਬੂਰੀ ਵੱਸ ਚੁੱਕੇ ਇਸ ਕਦਮ ਬਾਰੇ ਪਤਾ ਲੱਗੇਗਾ ਤਾਂ ਉਸ ਦੇ ਦਿਲ 'ਤੇ ਕੀ ਬੀਤੇਗੀ। ਅੱਖਾਂ 'ਚ ਫਿਰ ਹੰਝੂ ਭਰ ਆਏ। ਪੁਲਸ 'ਚ ਭਰਤੀ ਕਰਵਾਈ ਧੀ ਕਿਰਨ ਦੁੱਖ ਬਣ ਕੇ ਚੇਤਿਆਂ ਵਿਚ ਦੀ ਲੰਘਣ ਲੱਗੀ ਹੈ। ਕਿਰਨ ਦਾ ਕੱਲ੍ਹ ਮੁਹਾਲੀ ਪੁਲਸ ਲਾਈਨ ਤੋਂ ਫੋਨ ਆਇਆ, 'ਡੈਡੀ, ਸਭ ਕੁਝ ਸਹੀ ਚੱਲ ਰਿਹੈ?'

ਕਿਰਨ ਦੇ ਵਿਆਹ ਦੀ ਤਾਰੀਖ ਸਿਰ ਉਤੇ ਹੈ। ਸ਼ਾਇਦ ਕੁੜੀ ਨੂੰ ਸਹੁਰਿਆਂ ਵੱਲੋਂ ਥੋੜ੍ਹਾ ਲਾਲਚ ਦਿਖਾਉਣ ਦਾ ਇਸ਼ਾਰਾ ਆਪਣੀ ਮੰਮੀ ਤੋਂ ਮਿਲਿਆ ਹੋਵੇਗਾ। ਵਿਆਹ ਦੇ ਦਿਨਾਂ 'ਚ ਮੈਂ ਕੁੜੀ ਨੂੰ ਕਿਸੇ ਚਿੰਤਾ 'ਚ ਖਿੱਚਣ ਦੇ ਹੱਕ ਵਿੱਚ ਨਹੀਂ। ਮੈਂ ਮੋੜਵਾਂ ਉਤਰ ਦਿੱਤਾ, 'ਉਸ ਦਾਤੇ ਦੇ ਹੁਕਮ 'ਚ ਜੋ ਹੋਣਾ ਹੋਇਆ, ਦਰੁਸਤ ਹੀ ਹੋਊ ਕਿਰਨ।' ਕਿਰਨ ਮੇਰੇ ਉਲਝੇ ਹੋਏ ਉਤਰ 'ਤੇ ਹੱਸ ਪਈ, 'ਡੈਡੀ, ਛੋਟੇ ਰੱਬਾਂ ਬਾਰੇ ਦੱਸੋ। ਉਸ ਦਾਤੇ ਬਾਰੇ ਨਹੀਂ।'

ਮੈਂ ਗੱਲ ਹਾਸੇ 'ਚ ਪਾ ਲਈ। ਇੰਨੀ ਹਿੰਮਤਣ ਕੁੜੀ ਮੂਹਰੇ ਮੈਂ ਕੋਈ ਕਮਜ਼ੋਰ ਗੱਲ ਕਰਨੀ ਨਹੀਂ ਚਾਹੁੰਦਾ। ਕਿਰਨ ਨੇ ਪੁਲਸ ਯੋਗਤਾ ਦਾ ਟੈਸਟ ਆਪਣੀ ਦ੍ਰਿੜ੍ਹਤਾ ਨਾਲ ਪਾਸ ਕੀਤਾ ਹੈ। ਪੰਜ ਫੁੱਟ ਨੌਂ ਇੰਚ ਕੱਦ ਦੀ ਮਾਲਕ ਕਿਰਨ ਨੇ ਦੌੜ ਪਹਿਲੇ ਹੱਲੇ ਹੀ ਪਾਰ ਕਰ ਲਈ। ਉਚੀ ਛਾਲ 'ਚ ਉਹ ਪਹਿਲੀ ਵਾਰ ਡੰਡੇ 'ਚ ਉਲਝ ਕੇ ਅਸਫਲ ਰਹੀ। ਮੈਂ ਮੈਦਾਨ ਦੇ ਬਾਹਰ ਖੜਾ ਅਰਦਾਸਾਂ ਕਰਦਾ ਰਿਹਾ ਤਾਂ ਜੋ ਕੁੜੀ ਰੁਜ਼ਗਾਰ ਸਿਰ ਹੋ ਜਾਵੇ ਅਤੇ ਕੋਈ ਬਣਦਾ ਸਰਦਾ ਪਰਵਾਰ ਤਿੰਨ ਕੱਪੜਿਆਂ 'ਚ ਉਸ ਨੂੰ ਸਵੀਕਾਰ ਕਰ ਲਵੇ। ਸ਼ਾਇਦ ਮੇਰੀ ਅਰਦਾਸ ਦਾ ਟੈਸਟ ਲੈਣ ਵਾਲੇ ਅਫਸਰ 'ਤੇ ਅਸਰ ਹੋਇਆ। ਉਸ ਨੇ ਇਕ ਮੌਕਾ ਗੁਆ ਚੁੱਕੀ ਕੁੜੀ ਨੂੰ ਕਿਹਾ, 'ਬੇਟੇ, ਇਸ ਪਾਸੇ ਤੋਂ ਦੌੜ ਕੇ ਆਉ।' ਕਿਰਨ ਦੌੜੀ, ਡੰਡੇ ਤੋਂ ਪਾਰ ਜਾ ਡਿੱਗੀ। ਕਿਰਨ ਨੌਕਰੀ ਵਾਲਾ ਭਵਜਲ ਲੰਘ ਗਈ, ਪਰ ਉਸ ਦੇ ਵਿਆਹ ਦੀ ਅਗਨ ਪ੍ਰੀਖਿਆ ਮੇਰੇ ਲਈ ਭਾਰੀ ਪੈ ਗਈ। ਇਕ ਦਿਨ ਵਿਚੋਲਾ ਮਸੋਸਿਆ ਮੂੰਹ ਲੈ ਕੇ ਆ ਗਿਆ। 'ਖਾਲਸਾ, ਸੱਤ ਲੱਖ ਅਗਲਿਆਂ ਦੀ ਝੋਲੀ ਪਾਉਣਾ ਪਊ।' ਵਿਚੋਲੇ ਦੀ ਗੱਲ ਸੁਣ ਮੇਰੀ ਸੁਰਤ ਬੌਂਦਲ ਗਈ। ਮੈਂ ਖੜੇ ਪੈਰ ਮੱਘਰ ਨਾਲ ਸੌਦਾ ਤੈਅ ਕੀਤਾ। ਮੱਘਰ ਬੜਾ ਲਾਲਚੀ ਜ਼ਿਮੀਂਦਾਰ ਨਿਕਲਿਆ। ਪੈਸੇ ਪੱਲੇ ਪਾ ਵਿਆਹ ਨੂੰ ਉਡੀਕੇ ਬਿਨਾਂ ਜ਼ਮੀਨ 'ਤੇ ਕਾਬਜ਼ ਵੀ ਹੋ ਗਿਆ। ਮੈਂ ਜਦੋਂ ਮੱਘਰ ਨੂੰ ਵਿਆਹ ਤੱਕ ਬੈਅ ਵਾਲਾ ਪਰਦਾ ਬਣਾਈ ਰੱਖਣ ਲਈ ਕਹਿਣ ਗਿਆ ਤਾਂ ਉਸ ਬੇਰੀ ਪੁਟਵਾ ਦਿੱਤੀ। ਬੇਰੀ ਦੇ ਕੁਮਲਾ ਰਹੇ ਪੱਤਿਆਂ ਤੇ ਬੇਰਾਂ ਉੱਤੋਂ ਲੰਘਦਿਆਂ ਮੈਨੂੰ ਜਾਪਿਆ ਜਿਵੇਂ ਪਿਉ ਦਾਦੇ ਦਾ ਸਿਵਾ ਲਤੜ ਰਿਹਾ ਹੋਵਾਂ। ਮੱਘਰ ਨੇ ਮਿੱਟੀ ਵਾਲੇ ਹੱਥ ਝਾੜ ਕੇ ਬੇਕਿਰਕੀ ਨਾਲ ਕਿਹਾ, 'ਖਾਲਸਾ, ਜਿਹੜਾ ਖੇਤ ਝੋਨੇ ਲਈ ਤਿਆਰ ਕਰਨਾ ਹੋਵੇ, ਉਹਦੇ ਵਿਚਾਲੇ ਰੁੱਖ ਨਹੀਂ ਚਾਹੀਦਾ।'

ਮੱਘਰ ਨੂੰ ਕੌਣ ਸਮਝਾਵੇ ਕਿ ਰੁੱਖਾਂ ਬਿਨਾਂ ਜਦੋਂ ਇਹ ਧਰਤੀ ਤਪਣ ਲੱਗੀ ਤਾਂ ਝੋਨਾ ਲਾਉਣ ਵਾਲੇ ਵੀ ਬੇਰੀ ਦੀਆਂ ਲਗਰਾਂ ਵਾਂਗ ਤੜਫਣਗੇ। ਮੇਰੀ ਵਿਉਂਤ ਮੱਘਰ ਦੀ ਕਾਹਲੀ ਨੇ ਤਹਿਸ ਨਹਿਸ ਕਰ ਦਿੱਤੀ। ਘਰ ਨੂੰ ਭਾਰੀ ਕਦਮ ਪੁੱਟਦਾ ਆਇਆ। ਘਰ ਪੁੱਜਿਆ ਤਾਂ ਭੈਣ ਦੇ ਵਿਆਹ ਦੀ ਜ਼ਿੰਮੇਵਾਰੀ ਸਾਂਭਣ ਨੂੰ ਮੰਗਲ ਆ ਗਿਆ। ਇਸ ਤੋਂ ਪਹਿਲਾਂ ਕਿ ਮੰਗਲ ਬੇਰੀ ਦੀ ਕੋਈ ਗੱਲ ਛੇੜੇ, ਮੈਂ ਵਿਆਹ ਦੇ ਅਧੂਰੇ ਪਏ ਕਈ ਕੰਮ ਉਸ ਦੇ ਜ਼ਿੰਮੇ ਪਾ ਦਿੱਤੇ। ਅੱਧੀ ਰਾਤ ਤੱਕ ਸਾਰਾ ਟੱਬਰ ਵਿਆਹ ਦੇ ਕੰਮਾਂ ਦੀ ਭੱਜ ਦੌੜ 'ਚ ਉਲਝਿਆ ਰਿਹਾ। ਕੰਮ ਹਾਲੇ ਵੀ ਕਰਨ ਵਾਲੇ ਸਨ। ਅਚਾਨਕ ਬੱਦਲ ਗਰਜਣ ਲੱਗਾ। 'ਡੈਡੀ, ਉਹੀ ਰੁੱਤ ਹੈ, ਜਿਸ ਦਾ ਤੁਸੀਂ ਜ਼ਿਕਰ ਕਰਦੇ ਰਹਿੰਦੇ ਹੋ ਕਿ ਇਸ ਰੁੱਤ 'ਚ ਝੱਖੜ ਦੇ ਰੂਪ 'ਚ ਦਿਓ ਸਾਡੇ ਇਲਾਕੇ ਵਿਚ ਦੀ ਲੰਘਦੈ। ਇਹ ਸਹੀ ਗੱਲ ਹੈ ਡੈਡੀ?'

'ਕਾਕਾ, ਸਾਖੀ ਤਾਂ ਇਹੀ ਕਹਿੰਦੀ ਹੈ।'

'ਡੈਡੀ, ਇਸ ਕਥਾ 'ਚ ਮੈਨੂੰ ਤਰਕ ਨਹੀਂ ਜਾਪਦਾ।'

ਮੈਂ ਮੰਗਲ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਖੀ ਵਾਲਾ ਦਿਓ ਤਾਂ ਪਤਾ ਨਹੀਂ ਕਿੱਦਾਂ ਦਾ ਸੀ, ਪਰ ਅੱਜ ਦਿਓਆਂ ਦੀਆਂ ਬਹੁਤ ਨਸਲਾਂ ਪੈਦਾ ਹੋ ਗਈਆਂ ਹਨ। ਮੰਗਲ ਸ਼ਾਇਦ ਹੋਰ ਗੱਲਾਂ ਵੀ ਕਰਦਾ, ਪਰ ਤੇਜ਼ ਚੱਲ ਪਈ ਹਵਾ ਕੁਝ ਸੁਣਨ ਨਹੀਂ ਦਿੰਦੀ। ਸਾਰੀ ਰਾਤ ਮੇਰੇ ਮਨ 'ਚ ਬੇਰੀ ਵਾਲੀ ਘਟਨਾ ਘੁੰਮਦੀ ਰਹੀ। ਥਕਾਵਟ ਕਾਰਨ ਸਵੇਰੇ ਅੱਖ ਲੱਗੀ ਤਾਂ ਮੰਗਲ ਨੇ ਅਫਸੋਸ 'ਚ ਧਿਰ ਮਾਰਦਿਆਂ ਮੇਰੀ ਬਾਂਹ ਆ ਫੜੀ, 'ਡੈਡੀ, ਰਾਤ ਝੱਖੜ ਨਾਲ ਮੇਰੀ ਬੇਰੀ ਉਖੜ ਗਈ। ਮੇਰਾ ਕੋਲ ਜਾਣ ਨੂੰ ਜੀਅ ਨਹੀਂ ਮੰਨਿਆ।' ਮੈਂ ਮੰਗਲ ਨੂੰ ਹੌਸਲਾ ਦਿੰਦਿਆਂ ਕਿਹਾ, 'ਕੋਈ ਨਾ ਪੁੱਤ, ਤੂੰ ਹੋਰ ਬੇਰੀ ਲਾ ਲਈ।' ਮੈਂ ਉਸ ਦੀ ਪਿੱਠ ਥਾਪੜਦਾ ਇਹ ਵੀ ਕਹਿਣਾ ਚਾਹੁੰਦਾ ਹਾਂ, 'ਪੁੱਤਰਾ, ਬੇਰੀਆਂ ਵੀ ਲਾ, ਨਵੀਂ ਨਸਲ ਦੇ ਦਿਓਆਂ ਨਾਲ ਲੜਨ ਦਾ ਕੋਈ ਤਰੀਕਾ ਵੀ ਸਿੱਖ ਲੈ।' ਪਰ ਕਿਰਨ ਦੇ ਵਿਆਹ ਨੂੰ ਨੇਪਰੇ ਚਾੜ੍ਹਨ ਦੀ ਮਜਬੂਰੀ ਕਾਰਨ ਗੱਲ ਮੇਰੇ ਸੰਘ 'ਚ ਅਟਕ ਗਈ।

## A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

Tri-City Professional Realty Inc., Brokerage

Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8

Avtar Singh Tiwana
Sales Rep.




Darcel/Brandon Gate

ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।





Chinguacousy/Sandalwood

5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
Photo Not Available
$3,249,000

Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




Bramalea/Sandalwood

4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ

ਹਿੰਦੂ ਪੰਚਾਇਤ ਦਾ ਮੁਖੀ ਕਹਿੰਦੈ:

## ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿੱਚੋਂ ਭਿੰਡਰਾਂਵਾਲੇ ਦੀ ਤਸਵੀਰ ਹਟਾਈ ਜਾਵੇ

ਚੰਡੀਗੜ੍ਹ, 3 ਅਕਤੂਬਰ (ਪੋਸਟ ਬਿਊਰੋ)- ਹਿੰਦੂ ਪੰਚਾਇਤ ਪ੍ਰਮੁੱਖ ਰਾਜੀਵ ਟੰਡਨ ਨੇ ਬਿਆਨ ਦਿੱਤਾ ਹੈ ਕਿ ਫੌਜ ਵਿੱਚ ਸੇਵਾਵਾਂ ਦੇ ਚੁੱਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਖਾੜਕੂਵਾਦ ਦੇ ਖਿਲਾਫ ਲਏ ਸਟੈਂਡ ਤੋਂ ਸਿਖਿਆ ਲੈਣੀ ਚਾਹੀਦੀ ਹੈ। ਉਸ ਦਾ ਕਹਿਣਾ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਹਿੰਦੂ ਪੰਚਾਇਤ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

ਰਾਜੀਵ ਟੰਡਨ ਦੇ ਕਹਿਣ ਮੁਤਾਬਕ ਹਰਿਆਣਾ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਹੋ ਰਹੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਪ੍ਰੋਗਰਾਮ ਵਿੱਚ ਬੀਤੇ ਦਿਨੀਂ ਖੱਟੜ ਨੇ ਇਸ ਲਈ ਜਾਣ ਤੋਂ ਮਨ੍ਹਾ ਕਰ ਦਿੱਤਾ ਸੀ ਕਿ ਗੁਰਦੁਆਰਾ ਸਾਹਿਬ ਦੇ ਅੰਦਰ ਪੰਜਾਬ ਵਿੱਚ ਖਾੜਕੂਵਾਦ ਦਾ ਧੁਰਾ ਰਹੇ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਲੱਗੀ ਸੀ। ਟੰਡਨ ਨੇ ਕਿਹਾ ਕਿ ਹਿੰਦੂ ਪੰਚਾਇਤ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਇਸ ਸਟੈਂਡ ਦੀ ਪ੍ਰਸ਼ੰਸਾ ਕਰਦੀ ਹੈ ਤੇ ਉਨ੍ਹਾਂ ਨੂੰ ਛੇਤੀ ਹੀ ਸਨਮਾਨਿਤ ਕੀਤਾ ਜਾਵੇਗਾ। ਉਸ ਨੇ ਕਿਹਾ ਕਿ ਪੰਜਾਬ ਵਿੱਚ ਕੈਪਟਨ ਸਰਕਾਰ ਅਮਰਿੰਦਰ ਸਿੰਘ ਦੀ ਸਰਕਾਰ ਹਿੰਦੂ ਵਿਰੋਧੀ ਗਤੀਵਿਧੀਆਂ ਨੂੰ ਹਵਾ ਦੇ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਤੋਂ ਮੰਗ ਕੀਤੀ ਕਿ ਦਰਬਾਰ ਸਾਹਿਬ ਵਿੱਚ ਲੱਗੀ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਨੂੰ ਹਟ ਕੇ ਇਸ ਗੱਲ ਦਾ ਪ੍ਰਮਾਣ ਦੇਣ ਕਿ ਉਹ ਹਿੰਦੂ ਵਿਰੋਧੀ ਸਰਕਾਰ ਨਹੀਂ ਚਲਾ ਰਹੇ। ਟੰਡਨ ਨੇ ਚਿਤਾਵਨੀ ਦਿੱਤੀ ਕਿ ਜੇ ਪੰਜਾਬ ਵਿੱਚ ਭਿੰਡਰਾਂਵਾਲਿਆਂ ਦੀ ਸੋਚ ਨੂੰ ਫਿਰ ਪਨਪਣ ਦਿੱਤਾ ਗਿਆ ਤਾਂ ਸਰਕਾਰ, ਮੁੱਖ ਮੰਤਰੀ ਅਤੇ ਵਿਧਾਨ ਸਭਾ ਸਪੀਕਰ ਦੇ ਪੁਤਲੇ ਫੂਕੇ ਜਾਣਗੇ।

## ਬਸਪਾ ਵਰਕਰ ਦੇ ਕਤਲ ਵਿੱਚ ਲੋੜੀਂਦੇ ਛੇ ਜਣੇ ਫੜੇ ਗਏ

ਫਿਲੌਰ, 3 ਅਕਤੂਬਰ (ਪੋਸਟ ਬਿਊਰੋ)- ਡੀ ਐਸ ਪੀ ਦਫਤਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਐਸ ਪੀ ਡੀ ਬਲਕਾਰ ਸਿੰਘ ਨੇ ਦੱਸਿਆ ਕਿ ਪੁਲਸ ਨੇ 25 ਸਤੰਬਰ ਨੂੰ ਅੱਪਰਾ 'ਚ ਹੋਏ ਬਸਪਾ ਵਰਕਰ ਰਾਮ ਸਰੂਪ ਦੇ ਕਤਲ ਦੇ ਛੇ ਮੁਲਜ਼ਮ ਕਾਬੂ ਕਰ ਲਏ ਹਨ, ਪਰ ਮੁੱਖ ਦੋਸ਼ੀ ਸਰਬਜੀਤ ਸਿੰਘ ਉਰਫ ਬੜੌਂਗਾ ਅਜੇ ਵੀ ਗ੍ਰਿਫਤ 'ਚੋਂ ਬਾਹਰ ਹੈ।

ਬਲਕਾਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਕੋਲੋਂ ਇਕ ਗੱਡੀ ਡਸਟਰ, ਮਾਰੂਤੀ ਕਾਰ ਸਮੇਤ ਪਿਸਤੌਲ, ਮੈਗਜ਼ੀਨ 7.65 ਐਮ ਐਮ ਦੇ ਸੱਤ ਰੌਂਦ, ਤਿੰਨ ਦਾਤਰ ਬਰਾਮਦ ਕੀਤੇ ਹਨ।

ਕੈਪਟਨ ਨੂੰ ਜਾਨੋਂ ਮਾਰਨ ਦੀ ਧਮਕੀ:

## ਗੁਰਪਤਵੰਤ ਪੰਨੂ ਉਤੇ ਪਰਚਾ ਦਰਜ ਕਰਨ ਲਈ ਆਈ ਜੀ ਨੂੰ ਸ਼ਿਕਾਇਤ ਪਹੁੰਚੀ


ਗੁਰਪਤਵੰਤ ਪੰਨੂ

ਮੋਹਾਲੀ, 3 ਅਕਤੂਬਰ (ਪੋਸਟ ਬਿਊਰੋ)- ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਪੰਨੂ ਤੇ ਖਾੜਕੂ ਪਰਮਜੀਤ ਸਿੰਘ ਪੰਮਾ ਦੇ ਖਿਲਾਫ ਕੇਸ ਦਰਜ ਕਰਨ ਲਈ ਆਈ ਜੀ ਪਟਿਆਲਾ ਜ਼ੋਨ ਏ ਐੱਸ ਰਾਏ ਨੂੰ ਐਂਟੀ ਟੈਰੇਰਿਸਟ ਫਰੰਟ ਇੰਡੀਆ ਦੇ ਪ੍ਰਧਾਨ ਵਿਰੇਸ਼ ਸ਼ਾਂਡਿਲਿਆ ਨੇ ਇੱਕ ਸ਼ਿਕਾਇਤ ਦਿੱਤੀ ਹੈ।

ਵਿਰੇਸ਼ ਸ਼ਾਂਡਿਲਯ ਨੇ ਇਸ ਸੰਬੰਧ ਵਿੱਚ ਆਈ ਜੀ ਪਟਿਆਲਾ ਨੂੰ ਦਿੱਤੀ ਸ਼ਿਕਾਇਤ ਵਿੱਚ ਇਹ ਆਖਿਆ ਹੈ ਕਿ ਗੁਰਪਤਵੰਤ ਸਿੰਘ ਪੰਨੂ ਵਿਦੇਸ਼ ਵਿੱਚ ਬੈਠ ਕੇ ਪੰਜਾਬ ਦੇ ਮੁੱਖ ਮਤੰਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਾਨ ਤੋਂ ਮਾਰਨ ਦੀ ਧਮਕੀ ਦੇ ਰਿਹਾ ਹੈ ਤੇ ਮੋਸਟ ਵਾਂਟਿਡ ਖਾੜਕੂ ਪਰਮਜੀਤ ਸਿੰਘ ਪੰਮਾ, ਜਿਸ ਨੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਦਿਲਾਵਰ ਸਿੰਘ ਵੱਲੋਂ ਮੌਤ ਦਾ ਹਵਾਲਾ ਦੇ ਕੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਧਮਕੀ ਦਿੱਤੀ ਤੇ ਉਨ੍ਹਾਂ ਨੂੰ 31 ਅਗਸਤ 1995 ਦਾ ਵਾਕਿਆ ਯਾਦ ਕਰਨ ਦੀ ਸਲਾਹ ਦਿੱਤੀ ਹੈ, ਜੋ ਇੱਕ ਗੰਭੀਰ ਧਮਕੀ ਹੈ। ਉਨ੍ਹਾਂ ਨੇ ਕਿਹਾ ਕਿ ਬੱਬਰ ਖਾਲਸਾ ਦਾ ਖਾੜਕੂ ਪਰਮਜੀਤ ਸਿੰਘ ਪੰਮਾ, ਆਈ ਐੱਸ ਆਈ, ਸਿੱਖਸ ਫਾਰ ਜਸਟਿਸ, ਪਾਕਿ ਦਹਿਸ਼ਤਗਰਦਾਂ, ਖਾਲਿਸਤਾਨੀ ਸਮਰਥਕਾਂ, ਭਿੰਡਰਾਂਵਾਲਾ ਦੇ ਸਮਰਥਕਾਂ ਵੱਲੋਂ ਮਿਲ ਕੇ ਪੰਜਾਬ ਦਾ ਅਮਨ ਭੰਗ ਕਰਨਾ ਚਾਹੁੰਦਾ ਹੈ, ਇਸ ਨੇ ਪੰਜਾਬ ਤੇ ਹਰਿਆਣਾ ਵਿੱਚ ਕਈ ਹਮਲੇ ਕੀਤੇ ਅਤੇ ਰਾਸ਼ਟਰੀ ਸਿੱਖ ਸੰਗਤ ਦੇ ਰੁਲਦਾ ਸਿੰਘ ਨੂੰ ਮਾਰਿਆ ਸੀ।

ਆਈ ਜੀ ਨੂੰ ਸ਼ਿਕਾਇਤ ਦੇਣ ਪਿੱਛੋਂ ਵਿਰੇਸ਼ ਸ਼ਾਂਡਿਲਿਆ ਨੇ ਮੰਗ ਕੀਤੀ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲੀਆਂ ਧਮਕੀਆਂ ਲਈ ਉਪਰੋਕਤ ਦੋਸ਼ੀਆਂ ਨੂੰ ਵਿਦੇਸ਼ ਮੰਤਰਾਲੇ ਦੀ ਸਹਾਇਤਾ ਨਾਲ ਗ੍ਰਿਫਤਾਰ ਕੀਤਾ ਜਾਵੇ। ਆਈ ਜੀ ਨੇ ਸ਼ਾਂਡਿਲਿਆ ਦੀ ਸ਼ਿਕਾਇਤ ਉੱਤੇ ਉਨ੍ਹਾਂ ਨੂੰ ਕਾਰਵਾਈ ਦਾ ਭਰੋਸਾ ਦਿੱਤਾ ਹੈ।

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸੂਚਨਾ ਕੇਂਦਰ ਵਿੱਚ ਸਾਬਕਾ ਸੂਚਨਾ ਅਫਸਰ ਦਾ ਦਾਖਲਾ ਰੋਕਿਆ

ਅੰਮ੍ਰਿਤਸਰ, 3 ਅਕਤੂਬਰ (ਪੋਸਟ ਬਿਊਰੋ)- ਦਰਬਾਰ ਸਾਹਿਬ ਦੇ ਇਕ ਸਾਬਕਾ ਸੂਚਨਾ ਅਧਿਕਾਰੀ ਵਿਰੁੱਧ ਸ਼ਿਕਾਇਤਾਂ ਕਾਰਨ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੂਚਨਾ ਕੇਂਦਰ ਵਿੱਚ ਉਸ ਦੇ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਪਤਾ ਲੱਗਾ ਹੈ ਕਿ ਇਸ ਸਾਬਕਾ ਸੂਚਨਾ ਅਧਿਕਾਰੀ, ਜਿਹੜਾ ਦੋ ਕੁ ਸਾਲ ਪਹਿਲਾਂ ਸੇਵਾਮੁਕਤ ਹੋ ਚੁੱਕਾ ਹੈ, ਵੱਲੋਂ ਸੂਚਨਾ ਕੇਂਦਰ ਦੇ ਇਕ ਅਧਿਕਾਰੀ ਨਾਲ ਮਿਲ ਕੇ ਬਾਹਰੋਂ ਆਉਂਦੇ ਵਿਸ਼ੇਸ਼ ਵਿਅਕਤੀਆਂ ਨੂੰ ਨਾ ਕੇਵਲ ਦਰਸ਼ਨ ਕਰਵਾਏ ਜਾਂਦੇ ਸਨ, ਸਗੋਂ ਉਨ੍ਹਾਂ ਨੂੰ ਸੂਚਨਾ ਕੇਂਦਰ 'ਚ ਸਨਮਾਨਿਤ ਵੀ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਉਹ ਆਪਣੇ ਖਾਸ ਮਹਿਮਾਨਾਂ ਲਈ ਦਰਬਾਰ ਸਾਹਿਬ ਦੀਆਂ ਸਰਾਵਾਂ 'ਚ ਆਪਣਾ ਰਸੂਖ ਵਰਤ ਕੇ ਉਨ੍ਹਾਂ ਲਈ ਕਮਰੇ ਵੀ ਬੁੱਕ ਕਰਵਾ ਲੈਂਦਾ ਹੈ। ਬੀਤੇ ਦਿਨੀਂ ਕੈਨੇਡਾ ਦੇ ਭਾਰਤਵਿੱ'ਚ ਰਾਜਦੂਤ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਤਾਂ ਇਸ ਸਾਬਕਾ ਅਧਿਕਾਰੀ ਵੱਲੋਂ ਸੁਰੱਖਿਆ ਘੇਰਾ ਤੋੜ ਕੇ ਉਸ ਨੂੰ ਮਿਲਣ ਅਤੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਇਕ ਮੈਨੇਜਰ ਨਾਲ ਝਗੜਾ ਕਰਨ ਦੀ ਗੱਲ ਸਾਹਮਣੇ ਆਉਣ ਪਿੱਛੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੂਚਨਾ ਕੇਂਦਰ ਦੇ ਅਧਿਕਾਰੀਆਂ ਨੂੰ ਸੂਚਨਾ ਕੇਂਦਰ ਵਿੱਚ ਇਸ ਸਾਬਕਾ ਅਧਿਕਾਰੀ ਦੇ ਦਾਖਲੇ 'ਤੇ ਪਾਬੰਦੀ ਲਾਉਣ ਦਾ ਜ਼ਬਾਨੀ ਆਦੇਸ਼ ਕੀਤਾ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ ਨੂੰ ਇਸ ਦੀ ਪੜਤਾਲ ਕਰਨ ਲਈ ਵੀ ਕਿਹਾ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਬੀਤੇ ਸਾਲ ਦਰਬਾਰ ਸਾਹਿਬ ਦੇ ਸਾਬਕਾ ਮੈਨੇਜਰ ਵੱਲੋਂ ਇਸ ਅਧਿਕਾਰੀ ਵਿਰੁੱਧ ਮਿਲੀਆਂ ਸ਼ਿਕਾਇਤਾਂ ਬਾਅਦ ਇਸ ਦੇ ਸੂਚਨਾ ਕੇਂਦਰ ਵਿਖੇ ਦਾਖਲੇ 'ਤੇ ਪਾਬੰਦੀ ਲਾਉਣ ਦਾ ਲਿਖਤੀ ਪੱਤਰ ਜਾਰੀ ਕੀਤਾ ਸੀ।

ਇਸੇ ਦੌਰਾਨ ਸਾਬਕਾ ਸੂਚਨਾ ਅਧਿਕਾਰੀ ਗੁਰਬਚਨ ਸਿੰਘ ਨੇ ਆਪਣੇ ਉਤੇ ਪ੍ਰਧਾਨ ਵੱਲੋਂ ਪਾਬੰਦੀ ਲਗਾਏ ਜਾਣ ਨੂੰ ਰੱਦ ਕਰਦਿਆਂ ਕਿਹਾ ਕਿ ਕੈਨੇਡਾ ਦੇ ਰਾਜਦੂਤ ਉਨ੍ਹਾਂ ਦੇ ਜਾਣੂ ਸਨ ਤੇ ਉਨ੍ਹਾਂ ਦੇ ਕਹਿਣ 'ਤੇ ਹੀ ਉਹ ਉਨ੍ਹਾਂ ਨੂੰ ਮਿਲੇ ਸਨ।

## ਗੁਰੂ ਨਾਨਕ ਯੂਨੀਵਰਸਿਟੀ ਕੋਲ ਵਾਈਸ ਚਾਂਸਲਰ ਦਾ ਰਿਕਾਰਡ ਹੀ ਹੈ ਨਹੀਂ!

ਅੰਮ੍ਰਿਤਸਰ, 3 ਅਕਤੂਬਰ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਬੰਧਕ ਆਰ ਟੀ ਆਈ ਦਾ ਜਵਾਬ ਦੇਣ ਵਿੱਚ ਗੰਭੀਰ ਨਹੀਂ ਜਾਪਦੇ। ਉਹ ਜਿੱਥੇ ਵਿਵਾਦਾਂ ਵਿੱਚ ਫਸਦੇ ਰਹਿੰਦੇ ਹਨ, ਉਥੇ ਜਵਾਬ ਦੇਣ ਤੋਂ ਟਾਲਾ ਵੱਟਦੇ ਰਹੇ ਹਨ। ਇਸ ਯੂਨੀਵਰਸਿਟੀ ਵਿੱਚ ਇਹੀ ਸਭ ਹੁੰਦਾ ਪ੍ਰਤੀਤ ਹੋ ਰਿਹਾ ਹੈ।



ਮਿਲੀ ਜਾਣਕਾਰੀ ਅਨੁਸਾਰ ਇੱਕ ਔਰਤ ਪ੍ਰੋਫੈਸਰ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਯੋਗਤਾ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਸੰਸਥਾਵਾਂ ਤੋਂ ਪ੍ਰਾਪਤ ਸਰਟੀਫਿਕੇਟਾਂ ਦੀ ਜਾਣਕਾਰੀ ਮੰਗੀ ਸੀ, ਪਰ ਪਤਾ ਲੱਗਾ ਹੈ ਕਿ ਯੂਨੀਵਰਸਿਟੀ ਕੋਲ ਅਜਿਹਾ ਕੋਈ ਰਿਕਾਰਡ ਹੀ ਨਹੀਂ ਹੈ, ਸਗੋਂ ਰਿਕ-ਾਰਡ ਨਸ਼ਟ ਕਰ ਦਿੱਤਾ ਗਿਆ ਹੈ। ਇਸ ਸਬੰਧੀ ਅਥਾਰਟੀ ਕੋਲ ਅਪੀਲ ਪਾਈ ਗਈ ਸੀ, ਪਰ ਹਾਲੇ ਤੱਕ ਇਸ ਦਾ ਕੋਈ ਜਵਾਬ ਨਹੀਂ ਆਇਆ। ਇਹ ਮਾਮਲਾ ਓਦੋਂ ਸਾਹਮਣੇ ਆਇਆ ਜਦੋਂ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੀ ਪ੍ਰੋਫੈਸਰ ਨੇ ਜੀ ਐਨ ਡੀ ਯੂ ਦੇ ਜਨ ਸੂਚਨਾ ਅਧਿਕਾਰੀ ਤੋਂ ਆਰ ਟੀ ਆਈ ਦੇ ਰਾਹੀਂ ਜਵਾਬ ਮੰਗਿਆ ਕਿ ਦੱਸਿਆ ਜਾਵੇ ਕਿ ਇਸ ਯੂਨੀਵਰਸਿਟੀ ਦੇ ਮੌਜੂਦਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੂੰ ਵਾਈਸ ਚਾਂਸਲਰ ਬਣਨ ਤੋਂ ਪਹਿਲਾਂ ਪ੍ਰੋਫੈਸਰ ਵਜੋਂ ਰੱਖਿਆ ਗਿਆ ਸੀ ਤਾਂ ਉਨ੍ਹਾਂ ਕਿਹੜੇ ਸਰਟੀਫਿਕੇਟ ਦਿੱਤੇ ਸਨ ਅਤੇ ਵਾਈਸ ਚਾਂਸਲਰ ਵੱਲੋਂ ਜਮ੍ਹਾਂ ਕਰਵਾਇਆ ਬਾਇਓਡਾਟਾ ਦੀ ਨਕਲ ਦਿੱਤੀ ਜਾਵੇ। ਇਹ ਵੀ ਕਿਹਾ ਸੀ ਕਿ ਨਿਯਮਾਂ ਮੁਤਾਬਕ ਵੀ ਸੀ ਨੇ ਅਕਾਦਮਿਕ ਮਿਆਰ ਦੇ ਰਸਾਲਿਆਂ ਵਿੱਚ ਜਿਹੜੇ ਲੇਖ ਛਪਵਾਉਣੇ ਹੁੰਦੇ ਹਨ, ਉਨ੍ਹਾਂ ਬਾਰੇ ਦੱਸਿਆ ਜਾਵੇ। ਯੂਨੀਵਰਸਿਟੀ ਨੇ ਇਹ ਕਹਿ ਕੇ ਜਵਾਬ ਦੇਣੋਂ ਨਾਂਹ ਕਰ ਦਿੱਤੀ ਕਿ ਮੌਜੂਦਾ ਵਾਈਸ ਚਾਂਸਲਰ ਦਾ ਰਿਕ-ਾਰਡ ਨਸ਼ਟ ਕਰ ਦਿੱਤਾ ਗਿਆ ਹੈ ਤੇ ਦੂਜਾ, ਇਹ ਜਵਾਬ ਥਰਡ ਪਾਰਟੀ ਨੂੰ ਨਹੀਂ ਦਿੱਤਾ ਜਾ ਸਕਦਾ।

## ਪਿਕਅਪ ਹੇਠਾਂ ਆਉਣ ਨਾਲ ਸੈਰ ਕਰਦੀਆਂ ਤਿੰਨ ਔਰਤਾਂ ਦੀ ਮੌਤ

ਨੂਰਪੁਰ ਬੇਦੀ, 3 ਅਕਤੂਬਰ (ਪੋਸਟ ਬਿਊਰੋ)- ਨੂਰਪੁਰ ਬੇਦੀ ਥਾਣੇ ਦੇ ਪਿੰਡ ਹਿਆਤਪੁਰ ਵਿੱਚ ਕੱਲ੍ਹ ਰਾਤ ਇੱਕ ਸੜਕ ਹਾਦਸੇ ਦੌਰਾਨ ਤਿੰਨ ਔਰਤਾਂ ਦੀ ਮੌਤ ਹੋ ਗਈ। ਪੁਲਸ ਨੇ ਮਹਿੰਦਰਾ ਪਿਕਅਪ ਗੱਡੀ ਦੇ ਚਾਲਕ ਦੇ ਖਿਲਾਫ ਆਈ ਪੀ ਸੀ ਦੀ ਧਾਰਾ 279, 337, 304 ਅਧੀਨ ਮਾਮਲਾ ਦਰਜ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਹਿਆਤਪੁਰ ਵਿੱਚ ਸੋਮਵਾਰ ਰਾਤ ਕੁਝ ਔਰਤਾਂ ਖਾਣਾ ਖਾਣ ਪਿੱਛੋਂ ਸੜਕ ਉਤੇ ਸੈਰ ਕਰਨ ਵੇਲੇ ਗੱਲਬਾਤ ਕਰ ਰਹੀਆਂ ਸਨ ਕਿ ਅਚਾਨਕ ਇੱਕ ਬੇਕਾਬੂ ਪਿਕਅਪ ਗੱਡੀ ਨੇ ਉਨ੍ਹਾਂ ਨੂੰ ਕੁਚਲ ਦਿੱਤਾ। ਇਸ ਹਾਦਸੇ ਵਿੱਚ ਆਸ਼ਾ ਰਾਣੀ, ਮੋਨਿਕਾ ਤੇ ਆਸ਼ਾ ਦੀ ਮੌਤ ਹੋ ਗਈ ਅਤੇ ਸੋਨੀ ਪਤਨੀ ਸੰਜੀਵ ਕੁਮਾਰ ਗੰਭੀਰ ਜ਼ਖਮੀ ਹੋ ਗਈ, ਜਿਸ ਨੂੰ ਗੁਰਦੇਵ ਹਸਪਤਾਲ ਨੂਰਪੁਰ ਬੇਦੀ ਵਿੱਚ ਦਾਖਲ ਕਰਾਇਆ ਗਿਆ ਹੈ।

## 6000 ਕਰੋੜ ਦੇ ਪਰਚੇਜ਼ ਟੈਕਸ ਤੋਂ ਪੰਜਾਬ ਦੀ ਸਰਕਾਰ ਚਿੰਤਤ

ਚੰਡੀਗੜ੍ਹ, 3 ਅਕਤੂਬਰ (ਪੋਸਟ ਬਿਊਰੋ)- ਸਾਲ 2021 ਨੇੜੇ ਆਉਂਦਾ ਵੇਖ ਕੇ ਪੰਜਾਬ ਸਰਕਾਰ ਦੀ ਚਿੰਤਾ ਵਧਦੀ ਜਾ ਰਹੀ ਹੈ। ਜੀ ਐੱਸ ਟੀ ਲਾਗੂ ਹੋਣ ਦੇ ਬਾਅਦ ਅਨਾਜ ਖਰੀਦ 'ਤੇ ਲੱਗਾ ਪੰਜ ਫੀਸਦੀ ਪਰਚੇਜ ਟੈਕਸ ਅਤੇ ਉਸ 'ਤੇ ਦਸ ਫੀਸਦੀ ਸੈਸ ਖਤਮ ਹੋ ਗਿਆ ਹੈ। ਇਸ ਤੋਂ ਰਾਜ ਸਰਕਾਰ ਨੂੰ ਲਗਭਗ 6000 ਕਰੋੜ ਰੁਪਏ ਦੀ ਆਮਦਨ ਹੋ ਰਹੀ ਸੀ। ਫਿਲਹਾਲ ਪੰਜ ਸਾਲ ਲਈ ਕੇਂਦਰ ਸਰਕਾਰ ਪੰਜਾਬ ਨੂੰ ਇਹ ਪੈਸੇ ਉਨ੍ਹਾਂ ਦੇ ਨੁਕਸਾਨ ਦਾ ਘਾਟਾ ਪੂਰਾ ਕਰਨ ਲਈ ਦੇ ਰਹੀ ਹੈ, ਪਰ ਜਦ ਪੰਜ ਸਾਲ ਪੂਰੇ ਹੋ ਗਏ ਤਾਂ ਸੂਬਾ ਸਰਕਾਰ ਦੇ ਰੈਵੇਨਿਊ ਵਿੱਚ ਇਕਦਮ ਗਿਰਾਵਟ ਆਏਗੀ, ਕਿਉਂਕਿ ਕੁੱਲ ਆਮਦਨ ਵਿੱਚੋਂ ਛੇ ਹਜ਼ਾਰ ਕਰੋੜ ਰੁਪਏ ਦਾ ਆਧਾਰ ਹੀ ਖਤਮ ਹੋ ਜਾਏਗਾ।

ਇਹ ਕੇਵਲ ਪੰਜਾਬ ਦੇ ਨਾਲ ਨਹੀਂ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਸਰਕਾਰ ਨਾਲ ਵੀ ਹੋਵੇਗਾ, ਜਿੱਥੇ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦੇ ਜਾਣ ਵਾਲੇ ਅਨਾਜ 'ਤੇ ਪਰਚੇਜ ਟੈਕਸ ਲੱਗਾ ਸੀ। ਇਨ੍ਹਾਂ ਸਰਕਾਰਾਂ ਨੂੰ ਹਾਲੇ ਕੋਈ ਨੁਕਸਾਨ ਨਹੀਂ ਹੋ ਰਿਹਾ, ਪਰ ਕਿਉਂਕਿ ਜੀ ਐੱਸ ਟੀ ਲਾਗੂ ਹੋਣ ਦੇ ਬਾਵਜੂਦ ਰਾਜਾਂ ਨੂੰ ਟੈਕਸ ਕੁਲੈਕਸ਼ਨ ਵਿੱਚ ਓਨਾ ਵਾਧਾ ਨਹੀਂ ਮਿਲ ਰਿਹਾ, ਇਸ ਲਈ ਰਾਜ ਸਰਕਾਰਾਂ ਦੀ ਚਿੰਤਾ ਵਧਣਾ ਲਾਜ਼ਮੀ ਹੈ। ਮੁੱਖ ਮੰਤਰੀ ਦੇ ਦਫਤਰ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਇਸ ਬਾਰੇ ਕੰਮ ਕਰ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਉਹ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਵਿੱਤ ਮੰਤਰੀਆਂ ਨਾਲ ਜੀ ਐੱਸ ਟੀ ਕੌਂਸਲ ਵਿੱਚ ਇਹ ਮੁੱਦਾ ਉਠਾਉਣਗੇ ਕਿ ਆਖਰ ਇੰਨੇ ਵੱਡੇ ਘਾਟੇ ਨੂੰ ਸੂਬਾ ਸਰਕਾਰਾਂ ਕਿਵੇਂ ਬਰਦਾਸ਼ਤ ਕਰਨ। ਇਸ ਦੇ ਇਲਾਵਾ ਸੂਬਾ ਸਰਕਾਰ ਇਹ ਮੁੱਦਾ 15ਵੇਂ ਵਿੱਤ ਕਮਿਸ਼ਨ ਸਾਹਮਣੇ ਵੀ ਰੱਖਣਾ ਚਾਹੁੰਦੀ ਹੈ। ਕਮਿਸ਼ਨ ਇਨ੍ਹੀਂ ਦਿਨੀਂ ਸਾਰੀਆਂ ਸੂਬਾ ਸਰਕਾਰਾਂ ਨਾਲ ਗੱਲ ਕਰ ਰਿਹਾ ਹੈ ਤੇ ਜਲਦ ਹੀ ਪੰਜਾਬ ਸਰਕਾਰ ਦਾ ਨੰਬਰ ਆਉਣ ਵਾਲਾ ਹੈ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਵਿੱਤ ਕਮਿਸ਼ਨ ਇਸ ਵੱਡੇ ਘਾਟੇ ਤੋਂ ਰਾਜਾਂ ਨੂੰ ਉਭਾਰਨ ਲਈ ਗ੍ਰਾਂਟ ਦੇਵੇ।



ਵਰਨਣ ਯੋਗ ਹੈ ਕਿ ਜੀ ਐੱਸ ਟੀ ਲਾਗੂ ਹੋਣ ਪਿੱਛੋਂ ਪੰਜਾਬ ਨੂੰ 1586 ਕਰੋੜ ਰੁਪਏ ਦੇ ਮਾਲੀਏ ਦੀ ਕੁਲੈਕਸ਼ਨ ਵਿੱਚ ਵੈਟ ਦੇ ਮੁਕਾਬਲੇ ਕਮੀ ਆਈ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਹ ਗੱਲ ਜੀ ਐੱਸ ਟੀ ਕੌਂਸਲ ਦੀ ਬੈਠਕ ਵਿੱਚ ਵੀ ਰੱਖੀ ਅਤੇ ਕਿਹਾ ਕਿ ਕੌਂਸਲ ਇੰਨੀ ਟੈਕਸ ਕੁਲੈਕਸ਼ਨ ਡਿੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਪੰਜਾਬ ਨੂੰ ਆਧਾਰ ਬਣਾ ਕੇ ਕੇਸ ਸਟੱਡੀ ਕਰੇ। ਉਨ੍ਹਾਂ ਇਹ ਵੀ ਕਿਹਾ ਕਿ ਜੀ ਐੱਸ ਟੀ ਲਾਗੂ ਹੋਣ ਤੋਂ ਪਹਿਲਾਂ ਦਾਅਵਾ ਕੀਤਾ ਗਿਆ ਸੀ ਕਿ ਜਿਨ੍ਹਾਂ ਰਾਜਾਂ ਦੀ ਖਪਤ ਜ਼ਿਆਦਾ ਹੈ, ਉਨ੍ਹਾਂ ਵਿੱਚ ਟੈਕਸ ਕੁਲੈਕਸ਼ਨ ਜ਼ਿਆਦਾ ਵਧੇਗੀ, ਪਰ ਇਸ ਕੰਮ ਵਿੱਚ ਪੰਜਾਬ ਦੇ ਮਾਮਲ ਵਿੱਚ ਇਹ ਉਲਟਾ ਸਾਬਿਤ ਹੋਇਆ ਹੈ।

## ਕੇਂਦਰੀ ਮੰਤਰੀ ਵਿਜੇ ਸਾਂਪਲਾ ਰਾਮ ਲੀਲਾ ਦੇ ਰਾਜਾ ਹਿਮਾਚਲ ਦਾ ਕਿਰਦਾਰ ਨਿਭਾਉਣਗੇ

ਜਲੰਧਰ, 3 ਅਕਤੂਬਰ (ਪੋਸਟ ਬਿਊਰੋ)- ਪਲੰਬਰ ਤੋਂ ਨੇਤਾ ਬਣਨ ਵਾਲੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦਾ ਇੱਕ ਹੋਰ ਹੁਨਰ ਸਾਹ-ਮਣੇ ਆ ਰਿਹਾ ਹੈ। ਪਿਛਲੇ ਸਾਲ ਵਾਂਗ ਇਸ ਵਾਰ ਵੀ ਉਹ ਰਾਮਲੀਲਾ ਵਿੱਚ ਅਭਿਨੈ ਕਰਨਗੇ।

ਹੁਸ਼ਿਆਰਪੁਰ ਦੇ ਪਾਰਲੀਮੈਂਟ ਮੈਂਬਰ ਅਤੇ ਕੇਂਦਰੀ ਸਮਾਜਕ ਨਿਆਂ ਤੇ ਅਧਿਕਾਰਿਤਾ ਰਾਜ ਮੰਤਰੀ ਵਿਜੇ ਸਾਂਪਲਾ ਨਵੀਂ ਦਿੱਲੀ ਵਿੱਚ ਹੋਣ ਵਾਲੀ ਰਾਮ ਲੀਲਾ ਵਿੱਚ ਭਗਵਾਨ ਸ਼ਿਵ ਦੇ ਸਹੁਰੇ ਤੇ ਮਾਤਾ ਪਾਰਵਤੀ ਦੇ ਪਿਤਾ ਰਾਜਾ ਹਿਮਾਚਲ ਦੀ ਭੂਮਿਕਾ ਨਿਭਾਉਣਗੇ। ਪਿਛਲੇ ਸਾਲ ਵੀ ਉਨ੍ਹਾਂ ਨੇ ਜੀਵਨ ਵਿੱਚ ਕਰਮ ਪ੍ਰਧਾਨ ਹੋਣ ਦਾ ਸੰਦੇਸ਼ ਦੇਣ ਵਾਲੇ ਤੇ ਭਗਵਾਨ ਰਾਮ ਨੂੰ ਨਦੀ ਪਾਰ ਕਰਾਉਣ ਵਾਲੇ ਮਲਾਹ ਨਿਸ਼ਾਦ ਰਾਜ ਦੀ ਭੂਮਿਕਾ ਨਿਭਾਈ ਸੀ।



ਪਲੰਬਰ ਤੋਂ ਨੇਤਾ ਬਣੇ ਵਿਜੇ ਸਾਂਪਲਾ ਦੇ ਜੀਵਨ ਵਿੱਚ ਵੀ ਕਰਮ ਪ੍ਰਧਾਨਤਾ ਝਲਕਦੀ ਹੈ। ਪਿਛਲੇ ਸਾਲ ਰੰਗਮੰਚ ਉੱਤੇ ਉਨ੍ਹਾਂ ਨੇ ਆਪਣੀ ਕਲਾ ਦੇ ਜੋ ਰੰਗ ਵਿਖਾਏ, ਉਸ ਤੋਂ ਸਾਬਿਤ ਕਰ ਦਿੱਤਾ ਸੀ ਕਿ ਉਹ ਨੇਤਾ ਹੀ ਨਹੀਂ ਬਲਕਿ ਇੱਕ ਪ੍ਰਤਿਭਾਸ਼ਾਲੀ ਕਲਾਕ-ਾਰ ਵੀ ਹਨ। ਉਨ੍ਹਾਂ ਦੇ ਨਿਸ਼ਾਦ ਰਾਜ ਦੇ ਰੋਲ ਦੀ ਪਿਛਲੇ ਸਾਲ ਕਾਫੀ ਪ੍ਰਸ਼ੰਸਾ ਹੋਈ ਸੀ। ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਉਨ੍ਹਾਂ ਨੂੰ ਰਾਮ ਲੀਲਾ ਵਿੱਚ ਕਿਰਦਾਰ ਨਿਭਾਉਣ ਦਾ ਕਾਫੀ ਤਜਰਬਾ ਹੈ। ਉਹ ਕਾਫੀ ਸਮੇਂ ਤੋਂ ਵੱਖ-ਵੱਖ ਭੂਮਿਕਾਵਾਂ ਨਿਭਾਉਂਦੇ ਆਏ ਹਨ। ਉਨ੍ਹਾ ਨੇ ਦੱਸਿਆ ਕਿ ਇਸ ਵਾਰ ਕੇਂਦਰੀ ਸਾਇੰਸ ਅਤੇ ਤਕਨੀਕੀ ਮੰਤਰੀ ਡਾਕਟਰ ਹਰਸ਼ਵਰਧਨ ਅਤੇ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਵਿਸ਼ੇਸ਼ ਰੂਪ ਵਿੱਚ ਰਾਮ ਲੀਲਾ ਵਿੱਚ ਸ਼ਾਮਲ ਹੋਣਗੇ। ਦਿੱਲੀ ਦੇ ਰਾਮ ਲੀਲਾ ਮੈਦਨ ਵਿੱਚ ਰਾਮ ਲੀਲਾ ਦੇ ਮੰਚ 'ਤੇ ਕਈ ਸਿਆਸਤਦਾਨਾਂ ਦੇ ਨਾਲ ਦੇਸ਼ ਦੇ ਵੱਖ-ਵੱਖ ਖੇਤਰਾਂ ਦੀਆਂ ਮਸ਼ਹੂਰ ਹਸਤੀਆਂ ਹਿੱਸਾ ਲੈਂਦੀਆਂ ਹਨ ਅਤੇ ਆਪਣੀ ਕਲਾ ਦੇ ਜੌਹਰ ਦਿਖਾਉਂਦੀਆਂ ਹਨ।

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
TNG
Tarun Genda(Kumar)
Tel:905-781-5292
Cell: 416-305-1290
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Condo Townhouse for sale.
$559,000
100 Brickyard Way Unit #66, Brampton
ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ
A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities
KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com
Century 21
President Realty Inc. Brokerage*
Looking For a Nest..? Call the Best

UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR
IMMIGRATION SERVICES :
Visitor Visa ($200)
Supervisa ($200)
Study, Work, Visitor Extension ($125)
Spousal Applications ($600)
Family Sponsorship
Permanent Residence Card Renewal ($65)
Citizenship Applications ($70)
All Invitation letters ($35)
OTHER PRACTICES:
Criminal Law
Power of Attorney ($60)
Change of Name ($115)
Notarization ($15)
Travel Consent ($20)
Affidavit ($35)
Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

# ਸਿੱਖਾਂ ਦੇ ਵਿਰੋਧ ਕਾਰਨ ਖੱਟਰ ਦਾ ਡਬਰੀ ਜਾਣ ਦਾ ਪ੍ਰੋਗਰਾਮ ਰੱਦ



ਕਰਨਾਲ, 3 ਅਕਤੂਬਰ (ਪੋਸਟ ਬਿਊਰੋ)- ਪਿੰਡ ਡਾਚਰ ਦੇ ਗੁਰਦੁਆਰਾ ਸਾਹਿਬ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਤਸਵੀਰ ਲੱਗੀ ਹੋਣ ਕਾਰਨ ਉਸ ਗੁਰਦੁਆਰਾ ਸਾਹਿਬ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਨਾ ਜਾਣ ਦਾ ਮੁੱਦਾ ਪੂਰੀ ਤਰ੍ਹਾਂ ਭਖ ਗਿਆ ਤੇ ਇਸ ਨੇ ਭਾਜਪਾ ਦੀਆਂ ਪ੍ਰੇਸ਼ਾਨੀਆਂ ਵਧਾ ਦਿੱਤੀਆਂ ਹਨ, ਜਿਸ ਦਾ ਸਾਹਮਣਾ ਖੱਟਰ ਅਤੇ ਅਸੰਧ ਤੋਂ ਭਾਜਪਾ ਦੇ ਇਕਲੌਤੇ ਸਿੱਖ ਵਿਧਾਇਕ ਬਖਸ਼ੀਸ਼ ਸਿੰਘ ਨੂੰ ਕਰਨਾ ਪਿਆ ਹੈ।

ਇਸ ਦੌਰਾਨ ਮੁੱਖ ਮੰਤਰੀ ਖੱਟਰ ਨੂੰ ਜਿਥੇ ਕੱਲ੍ਹ ਪਿੰਡ ਡਬਰੀ ਦੇ ਆਪਣੇ ਰੋਡ ਸ਼ੋਅ ਦੌਰਾਨ ਆਪਣਾ ਪ੍ਰੋਗਰਾਮ ਰੱਦ ਕਰਨਾ ਪਿਆ, ਉਥੇ ਅਸੰਧ ਦੇ ਵਿਧਾਇਕ ਬਖਸ਼ੀਸ਼ ਸਿੰਘ ਦਾ ਪਿੰਡ ਸਿੰਘੜਾ ਵਿਖੇ ਗੁਰਦੁਆਰਾ ਨਾਨਕਸਰ ਵਿਖੇ ਜਾਣ ਉੱਤੇ ਵਿਰੋਧ ਹੋਇਆ। ਬਖਸ਼ੀਸ਼ ਸਿੰਘ ਜਦੋਂ ਸਿੰਘੜਾ ਦੇ ਉਕਤ ਗੁਰਦੁਆਰਾ ਸਾਹਿਬ ਪੁੱਜੇ ਤਾਂ ਓਥੇ ਵੱਡੀ ਗਿਣਤੀ ਸਿੱਖ ਸੰਗਤ ਨੇ ਉਨ੍ਹਾਂ ਦੇ ਕਾਫਲੇ ਦਾ ਘਿਰਾਓ ਕੀਤਾ ਅਤੇ ਉਨ੍ਹਾਂ ਨੂੰ ਕਾਲੇ ਝੰਡੇ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਪੋਸਟਰ ਵਿਖਾਏ। ਇਸ ਦੌਰਾਨ ਬਖਸ਼ੀਸ਼ ਸਿੰਘ ਵਿਰਕ ਆਪਣੀ ਗੱਡੀ 'ਚੋਂ ਬਾਹਰ ਨਹੀਂ ਉਤਰੇ ਪਰ ਉਨ੍ਹਾਂ ਨਾਲ ਜਾਂਦੇ ਸੁਰੱਖਿਆ ਕਰਮਚਾਰੀਆਂ ਨੇ ਘਿਰਾਓ ਕਰਦੀ ਸਿੱਖ ਸੰਗਤ ਨੂੰ ਸਮਝਾ ਬੁਝਾ ਕੇ ਉਨ੍ਹਾਂ ਦਾ ਕਾਫਲ ਅੱਗੇ ਲੰਘਾ ਦਿੱਤਾ।

ਜਦੋਂ ਬਖਸ਼ੀਸ਼ ਸਿੰਘ ਵਿਰਕ ਪਿੰਡ ਡਾਚਰ, ਜਿਥੋਂ ਇਹ ਵਿਵਾਦ ਸ਼ੁਰੂ ਹੋਇਆ ਸੀ, ਦੇ ਉਸ ਗੁਰਦੁਆਰਾ ਸਾਹਿਬ ਪੁੱਜੇ ਤਾਂ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵੀ ਦਾਖਲ ਨਹੀਂ ਹੋਣ ਦਿੱਤਾ ਗਿਆ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਅੰਗਰੇਜ਼ ਸਿੰਘ ਪਨੂੰ ਨੇ ਕਿਹਾ ਕਿ ਜੇ ਕੋਈ ਸਿੱਖਾਂ ਦੇ ਸ਼ਹੀਦਾਂ ਦਾ ਅਪਮਾਨ ਕਰੇਗਾ ਤਾਂ ਉਸ ਨੂੰ ਕਿਸੇ ਸੂਰਤ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਮਨੋਹਰ ਲਾਲ ਖੱਟਰ ਨੇ ਗਲਤੀ ਲਈ ਮੁਆਫੀ ਨਾ ਮੰਗੀ ਤਾਂ ਇਸ ਦੇ ਨਤੀਜੇ ਭਾਜਪਾ ਨੂੰ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

# ਕ੍ਰਿਸ਼ਨ ਭਗਵਾਨ ਦਾ ਜਨਮ ਸਰਟੀਫਿਕੇਟ ਮੰਗਣ ਨਾਲ ਪ੍ਰਸ਼ਾਸਨ ਜੱਕੋ-ਤੱਕੀ ਵਿੱਚ ਪਿਆ

*** ਪੁੱਛਣ ਵਾਲੇ ਨੇ ਪੁੱਛਿਆ: ਕ੍ਰਿਸ਼ਨ ਭਗਵਾਨ ਕਿਵੇਂ ਸਨ**

ਮਥੁਰਾ, 3 ਅਕਤੂਬਰ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਸੂਚਨਾ ਅਧਿਕਾਰ ਵਰਕਰ ਨੇ ਮਥੁਰਾ ਦੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਗਵਾਨ ਕ੍ਰਿਸ਼ਨ ਦੇ ਜਨਮ, ਉਸ ਦੇ ਪਿੰਡ, ਉਨ੍ਹਾਂ ਦੀਆਂ ਲੀਲਾ ਦੀ ਜਾਣਕਾਰੀ ਮੰਗੀ ਹੈ। ਪ੍ਰਸ਼ਾਸਨ ਜਕੋ-ਤਕੀ ਵਿੱਚ ਹੈ ਕਿ ਇਸ ਅਰਜ਼ੀ ਦਾ ਜਵਾਬ ਕੀ ਦਿੱਤਾ ਜਾਵੇ। ਜ਼ਿਲ੍ਹੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ ਰਮੇਸ਼ ਚੰਦਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਨਿੱਜੀ ਸ਼ਰਧਾ ਨਾਲ ਜੁੜੇ ਇਨ੍ਹਾਂ ਸਵਾਲਾਂ ਦਾ ਜਵਾਬ ਕੀ ਦਿੱਤਾ ਜਾਵੇ?

ਮਿਲੀ ਜਾਣਕਾਰੀ ਅਨੁਸਾਰ ਛੱਤੀਸਗੜ੍ਹ ਰਾਜ ਦੇ ਬਿਲਾਸਪੁਰ ਜ਼ਿਲੇ ਦੇ ਗੁਮਾ ਪਿੰਡ ਦੇ ਜੈਨੰਦਰ ਕੁਮਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੁੱਛਿਆ ਹੈ ਕਿ ਬੀਤੀ ਤਿੰਨ ਸਤੰਬਰ ਨੂੰ ਦੇਸ਼ ਵਿੱਚ ਕ੍ਰਿਸ਼ਨ ਜਨਮ ਅਸ਼ਟਮੀ ਦੀ ਛੁੱਟੀ ਐਲਾਨ ਕੇ ਭਗਵਾਨ ਕ੍ਰਿਸ਼ਨ ਦਾ ਜਨਮ ਦਿਨ ਮਨਾਇਆ ਗਿਆ, ਕ੍ਰਿਪਾ ਕਰ ਕੇ ਭਗਵਾਨ ਕ੍ਰਿਸ਼ਨ ਦੇ ਜਨਮ ਸਰਟੀਫਿਕੇਟ ਦੀ ਸਰਟੀਫਾਈਡ ਕਾਪੀ ਦਿੱਤੀ ਜਾਵੇ, ਜਿਸ ਤੋਂ ਸਿੱਧ ਹੋਵੇ ਕਿ ਉਨ੍ਹਾਂ ਦਾ ਜਨਮ ਉਸੇ ਦਿਨ ਹੋਇਆ ਸੀ। ਉਸ ਨੇ ਇਹ ਵੀ ਪੁੱਛਿਆ ਹੈ ਕਿ ਕੀ ਕ੍ਰਿਸ਼ਨ ਜੀ ਸੱਚਮੁੱਚ ਭਗਵਾਨ ਸਨ? ਅਤੇ ਜੇ ਉਹ ਭਗਵਾਨ ਸਨ ਤਾਂ ਕਿਵੇਂ ਸਨ? ਬੇਨਤੀ ਇਹ ਕੀਤੀ ਗਈ ਹੈ ਕਿ ਕ੍ਰਿਸ਼ਨ ਜੀ ਦੇ ਭਗਵਾਨ ਹੋਣ ਦਾ ਸਰਟੀਫਿਕੇਟ ਵੀ ਦਿੱਤਾ ਜਾਵੇ। ਇਹੀ ਨਹੀਂ, ਉਸ ਵਿਅਕਤੀ ਨੇ ਇਹ ਵੀ ਪੁੱਛਿਆ ਹੈ ਕਿ ਭਗਵਾਨ ਕ੍ਰਿਸ਼ਨ ਦਾ ਪਿੰਡ ਕਿਹੜਾ ਸੀ ਅਤੇ ਉਨ੍ਹਾਂ ਨੇ ਕਿਹੜੀਆਂ ਕਿਹੜੀਆਂ ਲੀਲਾ ਕੀਤੀਆਂ?

ਇਨ੍ਹਾਂ ਸਵਾਲਾਂ ਨਾਲ ਸ਼ਸ਼ੋਪੰਜ ਵਿਚ ਪਏ ਅਧਿਕਾਰੀ ਰਮੇਸ਼ ਚੰਦਰ ਦਾ ਕਹਿਣਾ ਹੈ ਕਿ ਹਿੰਦੂ ਧਰਮ ਦੇ ਸਾਰੇ ਗ੍ਰੰਥਾਂ, ਪੁਸਤਕਾਂ ਵਿੱਚ ਇਸ ਤਰ੍ਹਾਂ ਦੇ ਵੇਰਵੇ ਮੌਜੂਦ ਹਨ ਕਿ ਭਗਵਾਨ ਕ੍ਰਿਸ਼ਨ ਦਾ ਜਨਮ ਦੁਆਪਰ ਯੁੱਗ ਵੇਲੇ ਦੇ ਸੌਰਸੇਨ, ਜਿਸ ਨੂੰ ਅੱਜ ਕੱਲ੍ਹ ਮਥੁਰਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਵਿੱਚ ਹੋਇਆ ਸੀ ਅਤੇ ਉਨ੍ਹਾਂ ਨੇ ਇਥੇ ਕਈ ਲੀਲਾਵਾਂ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਨਿੱਜੀ ਸ਼ਰਧਾ ਨਾਲ ਜੁੜੇ ਸਵਾਲਾਂ ਦਾ ਕੀ ਜਵਾਬ ਦਿੱਤਾ ਜਾਵੇ, ਇਸ 'ਤੇ ਵਿਚਾਰ ਕੀਤਾ ਜਾਵੇਗਾ।

# ਸੱਤ ਅਪਰਾਧਾਂ ਦੀ ਰਿਪੋਰਟ ਆਨਲਾਈਨ ਦਰਜ ਹੋਵੇਗੀ



ਨਵੀਂ ਦਿੱਲੀ, 3 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਛੇਤੀ ਹੀ ਸਾਰੇ ਰਾਜਾਂ ਲਈ 'ਸਿਟੀਜ਼ਨ ਸੈਂਟ੍ਰਿਕ ਪੋਰਟਲ' ਸ਼ੁਰੂ ਕਰਨ ਜਾ ਰਹੀ ਹੈ। ਇਸ ਪੋਰਟਲ ਉਤੇ ਸੱਤ ਅਪਰਾਧਾਂ ਤੇ ਉਸ ਨਾਲ ਜੁੜੀਆਂ ਸੇਵਾਵਾਂ ਦੀ ਆਨਲਾਈਨ ਸ਼ਿਕਾਇਤ ਦਾਖਲ ਕਰਵਾ ਜਾ ਸਕੇਗੀ ਅਤੇ ਬਾਕਾਇਦਾ ਕੇਸ ਦਰਜ ਕਰਵਾਇਆ ਜਾ ਸਕੇਗਾ। ਇਸ ਪੋਰਟਲ ਦੇ ਨਾਲ ਲੋਕ ਆਪਣੇ ਘਰੇਲੂ ਸਹਾਇਕਾਂ, ਡਰਾਈਵਰਾਂ, ਕਿਰਾਏਦਾਰਾਂ ਦਾ ਪਿਛੋਕੜ ਵੀ ਤਸਦੀਕ ਕਰਵਾ ਸਕਣਗੇ।

ਕੇਂਦਰੀ ਗ੍ਰਿਹ ਮੰਤਰਾਲੇ ਦੇ ਇਕ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਇਹ ਪੋਰਟਲ ਗ੍ਰਿਹ ਮੰਤਰਾਲੇ ਦੀ 'ਸਮਾਰਟ' ਪੁਲਸ ਦੇ ਸੰਕਲਪ ਉਤੇ ਆਧਾਰਿਤ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿੱਚ ਸਾਰੇ ਰਾਜਾਂ ਦੇ ਪੁਲਸ ਮੁਖੀਆਂ ਦੀ ਸਾਲਾਨਾ ਬੈਠਕ ਵਿੱਚ ਇਸ ਸੰਕਲਪ ਦੀ ਗੱਲ ਕੀਤੀ ਸੀ। ਇਸ ਵਿੱਚ 'ਐਸ' ਤੋਂ ਮਤਲਬ ਸਟਰੌਂਗ ਅਤੇ ਸੈਂਸੇਟਿਵ, 'ਐਮ' ਤੋਂ ਮਾਡਰਨ, 'ਏ' ਤੋਂ ਅਲਰਟ, 'ਆਰ' ਤੋਂ ਰਿਸਪਾਂਸੀਬਲ ਤੇ ਰਿਐਕਟ ਕਰਨ ਯੋਗ, 'ਟੀ' ਤੋਂ ਟੈਕਨੀਕ ਸੇਵੀ ਅਤੇ ਟਰੇਂਡ ਹੁੰਦਾ ਹੈ। ਇਸ ਪੋਰਟਲ ਦੇ ਨਾਲ ਜਨਤਕ ਪ੍ਰੋਗਰਾਮਾਂ ਦੀ ਇਜਾਜ਼ਤ ਲਈ ਜਾ ਸਕੇਗੀ ਤੇ ਵਸਤਾਂ ਦੇ ਗੁਆਚਣ ਅਤੇ ਮਿਲਣ ਤੇ ਵਾਹਨ ਚੋਰੀ ਦੀ ਸ਼ਿਕਾਇਤ ਵੀ ਦਰਜ ਕਰਾਈ ਜਾ ਸਕੇਗੀ। ਸਬੰਧਤ ਵਿਅਕਤੀ ਨਿੱਜਤਾ ਦੀ ਸੁਰੱਖਿਆ ਤੇ ਕੌਮੀ ਸੁਰੱਖਿਆ ਕਾਰਨਾਂ ਕਰਕੇ ਪੋਰਟਲ 'ਤੇ ਅਪਰਾਧ ਨਾਲ ਸਬੰਧਤ ਅੰਕੜੇ ਤੋਂ ਰਿਪੋਰਟ ਸਿਰਫ ਅਧਿਕਾਰਤ ਪੁਲਸ ਅਧਿਕਾਰੀ ਸਰਚ ਕਰ ਸਕਣਗੇ। ਕਿਸੇ ਦੇ ਅਪਰਾਧਿਕ ਪਿਛੋਕੜ ਦੀ ਤਸਦੀਕ ਲਈ ਅਰਜ਼ੀ ਦੇਣ ਵਾਲੇ ਨਾਗਰਿਕਾਂ ਨੂੰ ਇਸ ਦੀ ਸੂਚਨਾ ਈਮੇਲ ਜ਼ਰੀਏ ਦਿੱਤੀ ਜਾ ਸਕੇਗੀ। ਉਕਤ ਅਧਿਕਾਰੀ ਨੇ ਦੱਸਿਆ ਕਿ ਪੋਰਟਲ ਦਾ ਉਦੇਸ਼ ਅਪਰਾਧਕ ਜਾਂਚ ਨੂੰ ਸਿਟੀਜ਼ਨ ਫਰੈਂਡਲੀ ਬਣਾਉਣਾ ਹੈ। ਇਸ 'ਤੇ ਦਰਜ ਨਾਗਰਿਕਾਂ ਦੀਆਂ ਰਿਪੋਰਟਾਂ ਤੇ ਅਰਜ਼ੀਆਂ ਕਾਰਵਾਈ ਮਗਰੋਂ ਸੂਬਿਆਂ ਨੂੰ ਫਾਰਵਰਡ ਕਰ ਦਿੱਤੀਆਂ ਜਾਣਗੀਆਂ।

# ਬੇਟੇ ਦੀ ਮੌਤ ਤੇ ਪੁਲਸ ਜਾਂਚ ਤੋਂ ਨਾਖੁਸ਼ ਪਰਵਾਰ ਨੇ ਹਿੰਦੂ ਧਰਮ ਅਪਣਾ ਲਿਆ



ਬਾਗਪਤ, 3 ਅਕਤੂਬਰ (ਪੋਸਟ ਬਿਊਰੋ)- ਆਪਣੇ ਬੇਟੇ ਦੀ ਹੱਤਿਆ ਨੂੰ ਪੁਲਸ ਵੱਲੋਂ ਖੁਦਕੁਸ਼ੀ ਦੱਸੇ ਜਾਣ ਤੋਂ ਖਫਾ ਅਤੇ ਇਸ ਕੇਸ ਵਿੱਚ ਮੁਸਲਿਮ ਸਮਾਜ ਦਾ ਸਹਿਯੋਗ ਨਾ ਮਿਲਣ ਤੋਂ ਦੁਖੀ ਇੱਕ ਮੁਸਲਿਮ ਪਰਵਾਰ ਦੇ 12 ਮੈਂਬਰਾਂ ਨੇ ਹਿੰਦੂ ਧਰਮ ਅਪਣਾ ਲਿਆ, ਪਰ ਐੱਸ ਡੀ ਐੱਮ ਨੂੰ ਮਰਜ਼ੀ ਨਾਲ ਹਿੰਦੂ ਧਰਮ ਅਪਣਾਉਣ ਦਾ ਬਿਆਨ ਦਿੱਤਾ ਹੈ।

ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਦੇ ਛਪਰੌਲੀ ਥਾਣਾ ਦੇ ਬਦਰਖਾ ਪਿੰਡ ਦੇ ਅਖਤਰ ਅਲੀ ਨੇ ਆਪਣੇ ਪਰਵਾਰ ਦੇ ਨਾਲ ਬੀਤੇ ਦਿਨੀਂ ਆਪਣਾ ਧਰਮ ਤਬਦੀਲ ਕੀਤਾ। ਬਾਗਪਤ ਜ਼ਿਲ੍ਹੇ ਦੇ ਕੁਲੈਕਟਰ ਨੇ ਧਰਮ ਤਬਦੀਲੀ ਦੇ ਇਸ ਮਾਮਲੇ ਦੀ ਪੁਸ਼ਟੀ ਕੀਤੀ। ਅਖਤਰ ਨੇ ਕਿਹਾ ਕਿ ਧਰਮ ਤਬਦੀਲੀ ਕਰਨ ਨਾਲ ਸ਼ਾਇਦ ਪੁਲਸ ਉਨ੍ਹਾਂ ਦੇ ਬੇਟੇ ਦੇ ਕਤਲ ਕੇਸ ਦੀ ਸਹੀ ਤਰੀਕੇ ਨਾਲ ਜਾਂਚ ਕਰੇ ਅਤੇ ਉਨ੍ਹਾਂ ਨਾਲ ਨਿਆਂ ਹੋਵੇ।

ਅਖਤਰ ਦੇ ਬੇਟੇ ਗੁਲਹਸਨ ਦੀ ਲਾਸ਼ 22 ਜੁਲਾਈ ਨੂੰ ਉਸ ਦੀ ਦੁਕਾਨ ਵਿੱਚ ਮਿਲੀ ਸੀ। ਪੁਲਸ ਨੇ ਇਸ ਨੂੰ ਖੁਦਕੁਸ਼ੀ ਦੱਸ ਕੇ ਜਾਂਚ ਖਤਮ ਕਰ ਦਿੱਤੀ। ਅਖਤਰ ਉਸ ਨੂੰ ਹੱਤਿਆ ਮੰਨਦਾ ਹੈ।

ਭਾਗਵਤ ਨੇ ਕਿਹਾ:

# ਵਿਰੋਧੀ ਧਿਰ ਰਾਮ ਮੰਦਰ ਦਾ ਵਿਰੋਧ ਨਹੀਂ ਕਰ ਸਕਦੀ



ਹਰਿਦੁਆਰ, 3 ਅਕਤੂਬਰ (ਪੋਸਟ ਬਿਊਰੋ)- ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਣ ਭਾਗਵਤ ਨੇ ਕਿਹਾ ਹੈ ਕਿ ਵਿਰੋਧੀ ਪਾਰਟੀਆਂ ਅਯੁੱਧਿਆ ਵਿੱਚ ਰਾਮ ਮੰਦਰ ਦਾ ਖੁੱਲ੍ਹ ਕੇ ਵਿਰੋਧ ਨਹੀਂ ਕਰ ਸਕਦੀਆਂ, ਕਿਉਂਕਿ ਰਾਮ ਇਸ ਦੇਸ਼ ਦੀ ਬਹੁ-ਗਿਣਤੀ ਆਬਾਦੀ ਦੇ ਇਸ਼ਟ ਹਨ।

ਕੱਲ੍ਹ ਇਥੇ ਪਤੰਜਲੀ ਯੋਗ ਪੀਠ ਵਿੱਚ ਸੰਘ ਦੇ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਭਾਗਵਤ ਨੇ ਰਾਮ ਮੰਦਰ ਨਿਰਮਾਣ ਦੇ ਲਈ ਸੰਘ ਅਤੇ ਭਾਜਪਾ ਦੀ ਵਚਨਬੱਧਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਕੁਝ ਕੰਮਾਂ ਨੂੰ ਕਰਨ ਵਿੱਚ ਸਮਾਂ ਲੱਗਦਾ ਹੈ। ਉਨ੍ਹਾਂ ਕਿਹਾ, 'ਕੁਝ ਕੰਮ ਕਰਨ ਵਿੱਚ ਦੇਰ ਹੋ ਜਾਂਦੀ ਤੇ ਕੁਝ ਤੇਜ਼ੀ ਨਾਲ ਹੁੰਦੇ ਹਨ। ਕੁਝ ਕੰਮ ਹੋ ਹੀ ਨਹੀਂ ਸਕਦੇ, ਕਿਉਂਕਿ ਸਰਕਾਰ ਨੂੰ ਅਨੁਸ਼ਾਸਨ ਵਿੱਚ ਹੀ ਰਹਿ ਕੇ ਕੰਮ ਕਰਨਾ ਪੈਂਦਾ ਹੈ। ਹੱਦਾਂ ਹੁੰਦੀਆਂ ਹਨ।' ਸੰਘ ਦੇ ਮੁਖੀ ਨੇ ਕਿਹਾ ਕਿ ਸਾਧੂ ਅਤੇ ਸੰਤ ਅਜਿਹੀਆਂ ਹੱਦਾਂ ਤੋਂ ਪਰ੍ਹੇ ਹਨ ਤੇ ਉਨ੍ਹਾਂ ਨੂੰ ਧਰਮ, ਦੇਸ਼ ਅਤੇ ਸਮਾਜ ਦੀ ਤਰੱਕੀ ਲਈ ਕੰਮ ਕਰਨਾ ਚਾਹੀਦਾ ਹੈ। ਇਥੇ 'ਸਾਧੂ ਸਵਾਧਿਆਏ ਸੰਗਮ' ਨੂੰ ਸੰਬੋਧਨ ਕਰਦੇ ਹੋਏ ਭਾਗਵਤ ਨੇ ਕਿਹਾ, 'ਵਿਰੋਧੀ ਪਾਰਟੀਆਂ ਵੀ ਅਯੁੱਧਿਆ ਵਿੱਚ ਰਾਮ ਮੰਦਰ ਦਾ ਖੁੱਲ੍ਹ ਕੇ ਵਿਰੋਧ ਨਹੀਂ ਕਰ ਸਕਦੀਆਂ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਭਗਵਾਨ ਰਾਮ ਬਹੁਗਿਣਤੀ ਭਾਰਤੀਆਂ ਦੇ ਇਸ਼ਟ ਦੇਵ ਹਨ।'

# ਕੋਲਕਾਤਾ ਵਿੱਚ ਬੰਬ ਧਮਾਕੇ ਵਿੱਚ ਇੱਕ ਮੌਤ, ਨੌਂ ਜ਼ਖਮੀ



ਕੋਲਕਾਤਾ, 3 ਅਕਤੂਬਰ (ਪੋਸਟ ਬਿਊਰੋ)- ਕੋਲਕਾਤਾ ਮਹਾਂਨਗਰ ਦੇ ਉੱਤਰ ਵਿੱਚ ਨਗਰ ਬਾਜ਼ਾਰ ਇਲਾਕੇ ਵਿੱਚ ਇੱਕ ਬਹੁ-ਮੰਜ਼ਿਲਾ ਇਮਾਰਤ ਦੇ ਸਾਹਮਣੇ ਕੱਲ੍ਹ ਹੋਏ ਧਮਾਕੇ ਵਿੱਚ ਸੱਤ ਸਾਲ ਦੇ ਇੱਕ ਬੱਚੇ ਦੀ ਮੌਤ ਹੋ ਗਈ ਤੇ ਉਸ ਦੀ ਮਾਂ ਸਮੇਤ ਨੌਂ ਲੋਕ ਜ਼ਖਮੀ ਹੋ ਗਏ। ਪ੍ਰਦੇਸ਼ ਵਿੱਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਧਮਾਕੇ ਦੇ ਲਈ ਭਾਜਪਾ ਨੂੰ ਜ਼ਿੰਮੇਵਾਰ ਦੱਸਦੇ ਹੋਏ ਦੋਸ਼ ਲਾਇਆ ਕਿ ਇਸ ਧਮਾਕੇ ਨਾਲ ਇਹ ਪਾਰਟੀ ਦੱਖਣੀ ਦਮਦਮ ਨਗਰ ਨਿਗਮ ਦੇ ਪ੍ਰਧਾਨ ਅਤੇ ਤ੍ਰਿਣਮੂਲ ਕਾਂਗਰਸ ਦੇ ਨੇਤਾ ਪੰਚੂ ਰਾਏ ਨੂੰ ਮਾਰਨਾ ਚਾਹੁੰਦੀ ਸੀ। ਭਾਜਪਾ ਨੇ ਇਹ ਦੋਸ਼ ਰੱਦ ਕੀਤੇ ਹਨ।

ਬੈਰਕਪੁਰ ਸ਼ਹਿਰ ਦੇ ਪੁਲਸ ਕਮਿਸ਼ਨਰ ਆਨੰਦ ਰਾਏ ਨੇ ਦੱਸਿਆ ਕਿ ਦਮਦਮ ਥਾਣਾ ਖੇਤਰ ਦੇ ਭੀੜ-ਭੜੱਕੇ ਵਾਲੇ ਕਾਜੀਪਾਰਾ ਇਲਾਕੇ ਵਿੱਚ ਇੱਕ ਇਮਾਰਤ ਹੇਠਾਂ ਫਲਾਂ ਦੀ ਦੁਕਾਨ ਵਿੱਚ ਸਵੇਰੇ ਕਰੀਬ ਨੌਂ ਵਜੇ ਧਮਾਕਾ ਹੋਇਆ। ਸ਼ੁਰ ਦੀ ਜਾਂਚ ਮੁਤਾਬਕ ਇਸ ਵਿੱਚ ਅਮੋਨੀਅਮ ਨਾਈਟ੍ਰੇਟ ਦੀ ਵਰਤੋਂ ਹੋਈ ਸੀ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਇੱਕ ਸਾਕੇਟ ਬੰਬ ਧਮਾਕਾ ਸੀ। ਫੋਰੈਂਸਿਕ ਟੀਮ ਅਤੇ ਸੀ ਆਈ ਡੀ ਦਾ ਬੰਬ ਵਿਰੋਧੀ ਦਸਤਾ ਘਟਨਾ ਵਾਲੀ ਜਗ੍ਹਾ ਦੀ ਜਾਂਚ ਕਰ ਰਿਹਾ ਹੈ। ਸਾਕੇਟ ਬੰਬ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ ਈ ਡੀ) ਹੈ। ਰਾਏ ਨੇ ਦਾਅਵਾ ਕੀਤਾ ਕਿ ਇਸ ਹਮਲੇ ਦੇ ਪਿੱਛੇ ਉਸੇ ਪਾਰਟੀ ਦਾ ਹੱਥ ਹੈ, ਜੋ ਬੰਗਾਲ ਵਿੱਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨਾਲ ਜੁੜੇ ਲੋਕਾਂ 'ਤੇ ਹਮਲੇ ਕਰ ਰਹੇ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਧਮਾਕੇ ਵਿੱਚ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

DUCT CLEANING
A breath of Clean air
Residential & Commercial
Air duct cleaning
and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

Avro Transport Inc.
Owner Operator/Single Drives
& Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ
ਸੰਪਰਕ ਕਰੋ:-
Ph: 416-896-1313

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

Honesty, Reliability, Commitment
For all your Real Estate needs:
HIRA RANDHWA
Broker
416.319.0551
905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
HOMELIFE SILVERCITY Realty Inc. Brokerage Independently Owned & Operated
www.HiraRandhawa.com hirarandhawa@yahoo.ca
$579,000 Ray Lawson & Timberlane: 3 Bedroom Townhouse With Finished Basement, Sep Entrance Through Garage. Hardwood Floor, Freshly Painted, Concrete Patio, Concrete Side Pavement, New Roof, Walking Distance To Sheridan College.
$609,000 Derry & Airport: Fully Detached 5+3 Bedroom And 4 Bath Home With A Lot Of Upgrades Included 6 Car Wrapped Concrete And Driveway With Full Fenced Backyard. Close To Airport, Mosque, Gurduwara, Banks, Schools & Major Hwys.
$659,000 Mc Murchy & Steeles Ave: Fabulous And Stunning Fully Renovated Detached House With 3+1 Bedroom. Fully Renovated In 2018 Which Includes Full Washroom On Main Floor, New Floors, New Basement. It Is Close To All Amenities, Sheridan College...
$699,900 Chinguacousy/Queen: Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...
RESP
Supervisa Insurance
Call : 416.319.0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

## ਸਿਡਨੀ ਬੀਚ ਉੱਤੇ ਦੋਸਤਾਂ ਨਾਲ ਤਰਨ ਗਏ ਭਾਰਤੀ ਨੌਜਵਾਨ ਦੀ ਮੌਤ

ਸਿਡਨੀ, 3 ਅਕਤੂਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਦੱਖਣੀ ਸਿਡਨੀ ਦੇ ਰਾਇਲ ਨੈਸ਼ਨਲ ਪਾਰਕ 'ਚ ਸਟੈਨਵੇਲ ਪਾਰਕ ਬੀਚ ਉਤੇ ਭਾਰਤੀ ਮੂਲ ਦੇ ਵਿਦਿਆਰਥੀ ਦੀ ਸਮੁੰਦਰ ਵਿਚ ਡੁੱਬਣ ਨਾਲ ਮੌਤ ਹੋ ਗਈ ਹੈ। ਪੁਲਸ ਮੁਤਾਬਕ 25 ਸਾਲਾ ਭਾਰਤੀ ਨੌਜਵਾਨ ਆਪਣੇ ਦੋ ਹੋਰ ਦੋਸਤਾਂ ਨਾਲ ਤਰਨ ਲਈ ਆਇਆ ਸੀ।

ਦੋਸਤਾਂ ਦੇ ਇਸ ਗਰੁੱਪ ਨਾਲ ਆਏ ਇਕ ਵਿਅਕਤੀ ਨੇ ਦੱਸਿਆ ਕਿ ਵਿਦਿਆਰਥੀ ਬੀਚ ਉਤੇ ਤਰਨ ਆਏ ਸਨ। ਭਾਰਤੀ ਮੂਲ ਦਾ ਨੌਜਵਾਨ ਅਤੇ ਉਸ ਦੇ ਦੋ ਦੋਸਤ ਨਿਗਰਾਨੀ ਖੇਤਰ ਤੋਂ 500 ਮੀਟਰ ਦੂਰ ਤਰ ਰਹੇ ਸਨ। ਇਸ ਦੌਰਾਨ ਭਾਰਤੀ ਮੂਲ ਦਾ ਨੌਜਵਾਨ ਮੁਸ਼ਕਲ ਵਿੱਚ ਫਸ ਗਿਆ। ਪੁਲਸ ਮੁਤਾਬਕ ਸੋਮਵਾਰ ਦੀ ਦੁਪਹਿਰ ਨੂੰ ਘਟਨਾ ਦੀ ਸੂਚਨਾ ਮਿਲਦੇ ਸਾਰ ਲਾਈਫ ਸੇਵਿੰਗ ਡਿਊਟੀ ਅਫਸਰ ਐਂਥਨੀ ਟਰਨਰ ਬਚਾਅ ਅਧਿਕਾਰੀਆਂ ਨਾਲ ਅਤੇ ਉਨ੍ਹਾਂ ਨੇ ਬੀਚ 'ਤੇ ਹੀ ਨੌਜਵਾਨ ਨੂੰ ਸਪੋਰਟ ਦਿੱਤੀ, ਪਰ ਉਹ ਸਫਲ ਨਹੀਂ ਹੋ ਸਕੇ ਤੇ ਨੌਜਵਾਨ ਦੀ ਮੌਤ ਹੋ ਗਈ।

## ਡੋਨਾਲਡ ਟਰੰਪ ਨੇ ਬਲਾਤਕਾਰ ਦਾ ਦੋਸ਼ ਲਾਉਣ ਵਾਲੀ ਮਹਿਲਾ ਦਾ ਮਖ਼ੌਲ ਉਡਾਇਆ



ਵਾਸ਼ਿੰਗਟਨ, 3 ਅਕਤੂਬਰ (ਪੋਸਟ ਬਿਊਰੋ)- ਅਮਰੀਕਾ 'ਚ ਇਕ ਰੈਲੀ ਵਿੱਚ ਬੋਲਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੁਪਰੀਮ ਕੋਰਟ ਲਈ ਨਾਮਜ਼ਦ ਜੱਜ ਬਰੈਟ ਕੈਵਨਾਘ ਉੱਤੇ ਸੈਕਸ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀ ਮਹਿਲਾ ਦਾ ਮਖ਼ੌਲ ਉਡਾਇਆ। ਉਨ੍ਹਾਂ ਕਿਹਾ ਕਿ ਬਰੈਟ ਉੱਤੇ ਦੋਸ਼ ਲਾਉਣ ਵਾਲੀ ਔਰਤ ਨੂੰ ਉਸ ਘਟਨਾ ਬਾਰੇ ਸਿਰਫ਼ ਇਹ ਹੀ ਯਾਦ ਹੈ ਕਿ ਉਸ ਨੇ ਬੀਅਰ ਪੀਤੀ ਸੀ, ਇਸ ਤੋਂ ਇਲਾਵਾ ਉਹ ਸਭ ਭੁੱਲ ਗਈ ਹੈ। ਵਰਨਣ ਯੋਗ ਹੈ ਕਿ ਪ੍ਰੋਫੈਸਰ ਕ੍ਰਿਸਟੀਨ ਬਲੇਸੀ ਫੋਰਡ ਨੇ 36 ਸਾਲ ਪਹਿਲਾਂ ਸਕੂਲ ਦੀ ਇਕ ਪਾਰਟੀ ਵੇਲੇ ਉਸ ਨਾਲ ਜਬਰਦਸਤੀ ਕਰਨ ਲਈ ਕੈਵਨਾਘ ਉੱਤੇ ਦੋਸ਼ ਲਾਏ ਹਨ। ਇਸ ਕੇਸ ਵਿੱਚ ਫੋਰਡ ਨੇ ਪਿਛਲੇ ਹਫ਼ਤੇ ਸੀਨੇਟ ਦੀ ਜੁਡੀਸ਼ਲ ਕਮੇਟੀ ਅੱਗੇ ਆਪਣਾ ਪੱਖ ਰੱਖਿਆ ਸੀ।

ਅੱਜ ਮਿਸੀਸਿਪੀ ਵਿੱਚ ਆਪਣੇ ਹਮਾਇਤੀਆਂ ਨੂੰ ਸੰਬੋਧਨ ਕਰਦਿਆਂ ਡੋਨਾਲਡ ਟਰੰਪ ਨੇ ਫੋਰਡ ਵੱਲੋਂ ਲਾਏ ਦੋਸ਼ਾਂ ਉੱਤੇ ਸ਼ੱਕ ਪ੍ਰਗਟ ਕੀਤਾ। ਜੁਡੀਸ਼ਲ ਕਮੇਟੀ 'ਚ ਫੋਰਡ ਤੋਂ ਪੁੱਛੇ ਗਏ ਸਵਾਲਾਂ ਅਤੇ ਉਨ੍ਹਾਂ ਦੇ ਜਵਾਬਾਂ ਦੀ ਨਕਲ ਉਤਾਰਦੇ ਹੋਏ ਟਰੰਪ ਨੇ ਕਿਹਾ ਕਿ 36 ਸਾਲ ਪਹਿਲਾਂ ਇਹ ਘਟਨਾ ਵਾਪਰੀ ਸੀ, ਉਸ ਨੂੰ ਯਾਦ ਨਹੀਂ ਕਿ ਉਹ ਘਟਨਾ ਸਥਾਨ ਉੱਤੇ ਕਿਵੇਂ ਪਹੁੰਚੀ ਅਤੇ ਓਥੋਂ ਘਰ ਕਿਵੇਂ ਗਈ। ਉਸ ਨੂੰ ਘਟਨਾ ਦੀ ਜਗ੍ਹਾ ਵੀ ਯਾਦ ਨਹੀਂ, ਬੱਸ ਏਨਾ ਯਾਦ ਹੈ ਕਿ ਉਨ੍ਹਾਂ ਨੇ ਬੀਅਰ ਪੀਤੀ ਸੀ। ਟਰੰਪ ਨੇ ਕਿਹਾ ਕਿ ਇਨ੍ਹਾਂ ਦੋਸ਼ਾਂ ਨਾਲ ਬਰੈਟ ਦੀ ਜ਼ਿੰਦਗੀ ਤਬਾਹ ਹੋ ਗਈ ਹੈ। ਉਸ ਦੀ ਪਤਨੀ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਟਰੰਪ ਦੇ ਅਨੁਸਾਰ ਇਸ ਸਭ ਦੇ ਪਿੱਛੇ ਵਿਰੋਧੀ ਪਾਰਟੀ ਡੈਮੋਕਰੇਟਸ ਦਾ ਹੱਥ ਹੈ।

## ਅਫਗਾਨਿਸਤਾਨ 'ਚ ਆਤਮਘਾਤੀ ਧਮਾਕੇ ਨਾਲ 14 ਮੌਤਾਂ



*ਹਮਲੇ ਵਿਚ ਜ਼ਖਮੀ ਨੂੰ ਹਸਪਤਾਲ ਲਿਜਾਂਦੇ ਸਥਾਨਕ ਲੋਕ।*

ਜਲਾਲਾਬਾਦ, 3 ਅਕਤੂਬਰ (ਪੋਸਟ ਬਿਊਰੋ)- ਅੱਤਵਾਦੀ ਹਿੰਸਾ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਅਫਗਾਨਿਸਤਾਨ 'ਚ ਕੱਲ੍ਹ ਇਕ ਚੋਣ ਰੈਲੀ ਦੌਰਾਨ ਹੋਏ ਆਤਮਘਾਤੀ ਧਮਾਕੇ 'ਚ 14 ਲੋਕ ਮਾਰੇ ਗਏ ਅਤੇ ਦਰਜਨਾਂ ਹੋਰ ਜ਼ਖਮੀ ਹੋ ਗਏ।

ਇਕ ਅਧਿਕਾਰੀ ਨੇ ਦੱਸਿਆ ਕਿ ਬੀਤੇ ਦਿਨੀਂ ਪਾਰਲੀਮੈਂਟ ਚੋਣਾਂ ਦਾ ਐਲਾਨ ਕੀਤੇ ਜਾਣ ਪਿੱਛੋਂ ਚੋਣ ਮੁਹਿੰਮ ਦੌਰਾਨ ਹੋਣ ਵਾਲਾ ਇਹ ਪਹਿਲਾ ਹਮਲਾ ਹੈ। ਅਫਗਾਨਿਸਤਾਨ ਦੇ ਪੂਰਬੀ ਸੂਬੇ ਨਨਗਰਹਾਰ ਦੇ ਗਵਰਨਰ ਦੇ ਬੁਲਾਰੇ ਅਤਾਉਲ੍ਹਾ ਖੋਗਯਾਨੀ ਨੇ ਦੱਸਿਆ ਕਿ ਪਾਰਲੀਮੈਂਟ ਉਮੀਦਵਾਰ ਅਬਦੁਲ ਨਸੀਰ ਮੁਹੰਮਦ ਵਲੋਂ ਕਾਮਾ ਜ਼ਿਲੇ ਵਿੱਚ ਕੀਤੀ ਜਾ ਰਹੀ ਚੋਣ ਰੈਲੀ ਦੌਰਾਨ ਇਕ ਆਤਮਘਾਤੀ ਹਮਲਾਵਰ ਵੱਲੋਂ ਆਪਣੇ ਆਪ ਨੂੰ ਉਡਾ ਲੈਣ ਕਾਰਨ ਹੋਏ ਧਮਾਕੇ 'ਚ 14 ਲੋਕ ਮਾਰੇ ਗਏ ਤੇ 40 ਤੋਂ ਵੱਧ ਹੋਰ ਜ਼ਖਮੀ ਹੋ ਗਏ ਹਨ। ਇਸ ਦੌਰਾਨ ਸੂਬੇ ਦੇ ਸਿਹਤ ਡਾਇਰੈਕਟਰ ਨਜੀਬਉਲ੍ਹਾ ਕਮਵਾਲ ਨੇ ਦੱਸਿਆ ਹੈ ਕਿ ਜ਼ਖਮੀਆਂ ਵਿੱਚੋਂ ਕਈ ਲੋਕਾਂ ਦੀ ਹਾਲਤ ਗੰਭੀਰ ਹੈ, ਜਿਸ ਕਾਰਨ ਮੌਤਾਂ ਦੀ ਗਿਣਤੀ 'ਚ ਵਾਧਾ ਹੋ ਸਕਦਾ ਹੈ। ਇਹ ਚੋਣ ਰੈਲੀ ਇਕ ਹਾਲ ਵਿੱਚ ਹੋ ਰਹੀ ਸੀ ਜਿਸ ਦੌਰਾਨ ਆਤਮਘਾਤੀ ਵਲੋਂ ਧਮਾਕਾ ਕੀਤਾ ਗਿਆ ਹੈ। ਇਸ ਅੱਤਵਾਦੀ ਹਮਲੇ ਦੀ ਅਜੇ ਤੱਕ ਕਿਸੇ ਅੱਤਵਾਦੀ ਸੰਗਠਨ ਨੇ ਜ਼ਿੰਮੇਵਾਰੀ ਨਹੀਂ ਲਈ। ਦੱਸਣ ਯੋਗ ਹੈ ਕਿ ਅਫਗਾਨਿਸਤਾਨ 'ਚ ਲੰਬੇ ਸਮੇਂ ਬਾਅਦ 20 ਅਕਤੂਬਰ ਨੂੰ ਪਾਰਲੀਮੈਂਟ ਚੋਣਾਂ ਹੋ ਰਹੀਆਂ ਹਨ।

## ਆਸਟਰੇਲੀਆ ਵਿੱਚ ਭਾਰਤੀਆਂ ਨੂੰ ਪਰਵਾਰਕ ਹਿੰਸਾ ਕਾਰਨ ਵੱਧ ਵੀਜ਼ੇ ਮਿਲ ਗਏ



ਮੈਲਬਰਨ, 3 ਅਕਤੂਬਰ (ਪੋਸਟ ਬਿਊਰੋ)- ਆਸਟਰੇਲੀਆ 'ਚ ਸਭ ਤੋਂ ਵਧੇਰੇ ਭਾਰਤੀ ਪਰਵਾਰਾਂ 'ਚ ਪਰਵਾਰਕ ਹਿੰਸਾ ਦੇ ਮਸਲੇ ਸਾਹਮਣੇ ਆ ਰਹੇ ਹਨ ਤੇ ਇਸੇ ਤਹਿਤ ਇਥੋਂ ਦੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਘਰੇਲੂ ਹਿੰਸਾ ਹੇਠ ਸਭ ਤੋਂ ਵੱਧ ਵੀਜ਼ੇ ਦਿੱਤੇ ਗਏ ਹਨ। ਜਦੋਂ ਪਰਵਾਰਾਂ 'ਚ ਲੜਾਈ ਝਗੜਾ ਹੋ ਜਾਂਦਾ ਹੈ ਤਾਂ ਸਪਾਂਸਰਸ਼ਿਪ ਵਾਪਸ ਲੈ ਲਈ ਜਾਂਦੀ ਹੈ, ਉਸ ਤੋਂ ਬਾਅਦ ਸਬੰਧਤ ਵਿਭਾਗ ਪੀੜਤ ਧਿਰ ਨੂੰ ਵੀਜ਼ਾ ਦੇ ਦਿੰਦਾ ਹੈ।

ਪਿਛਲੇ ਪੰਜ ਸਾਲਾਂ 'ਚ 280 ਭਾਰਤੀ ਲੋਕ ਕਾਨੂੰਨ ਦੀ ਇਸ ਧਾਰਾ ਹੇਠ ਇਥੇ ਰਹਿਣ 'ਚ ਪੱਕਾ ਵੀਜ਼ਾ ਹਾਸਲ ਕਰ ਚੁੱਕੇ ਹਨ। ਵਿਭਾਗ ਨੂੰ ਅੱਜ ਤੱਕ ਘਰੇਲੂ ਹਿੰਸਾ ਦੇ ਪੀੜਤਾਂ ਦੀਆਂ 367 ਦਰਖਾਸਤਾਂ ਪ੍ਰਾਪਤ ਹੋਈਆਂ ਹਨ। ਅਜਿਹੇ ਅੰਕੜੇ ਸਾਹਮਣੇ ਆਏ ਹਨ ਕਿ ਆਸਟਰੇਲੀਆ ਦੀ ਸੈਨੇਟ ਵੱਲੋਂ ਇਥੇ ਵੱਸਦੇ ਭਾਰਤੀ ਭਾਈਚਾਰੇ 'ਚ ਦਹੇਜ ਦੀ ਸਮੱਸਿਆ ਬਾਰੇ ਪੜਤਾਲ ਹੋ ਰਹੀ ਹੈ। ਵਿਕਟੋਰੀਆ ਰਾਜ ਵਿੱਚ ਇਸ ਸਬੰਧੀ ਕਾਨੂੰਨ ਵੀ ਪਾਸ ਕੀਤਾ ਜਾ ਚੁੱਕਾ ਹੈ। ਘਰੇਲੂ ਹਿੰਸਾ 'ਚ ਮਰਦ ਵੀ ਸ਼ਾਮਲ ਹਨ, ਪਰ ਜ਼ਿਆਦਾ ਗਿਣਤੀ ਵਿੱਚ ਔਰਤਾਂ ਹਨ। ਵਿਭਾਗ ਨੂੰ ਬਾਕੀ ਭਾਈਚਾਰੇ ਦੇ ਲੋਕਾਂ ਦੀਆਂ ਵੀ ਅਰਜ਼ੀਆਂ ਮਿਲ ਰਹੀਆਂ ਹਨ, ਪਰ ਭਾਰਤੀਆਂ ਦੀਆਂ ਵਧੇਰੇ ਹਨ। ਵਿਭਾਗ ਦਾ ਕਹਿਣਾ ਹੈ ਕਿ ਜਦੋਂ ਇਸ ਤਰ੍ਹਾਂ ਦੇ ਕੇਸ ਆਉਂਦੇ ਹਨ ਤਾਂ ਉਨ੍ਹਾਂ ਨਾਲ ਨਜਿੱਠਣਾ ਸੌਖਾ ਨਹੀਂ ਹੁੰਦਾ। ਪੀੜਤਾਂ ਨੂੰ ਸਬੂਤ ਦੇਣੇ ਪੈਂਦੇ ਹਨ ਅਤੇ ਉਸ ਦੀ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕੇਸ ਅਫਸਰ ਲਈ ਇਹ ਕਾਫੀ ਔਖਾ ਸਮਾਂ ਹੁੰਦਾ ਹੈ। ਬਹੁਤੀਆਂ ਭਾਰਤੀਆਂ ਔਰਤਾਂ ਆਪਣੇ ਜ਼ਿਆਦਤੀਆਂ ਦੀ ਰਿਪੋਰਟ ਹੀ ਨਹੀਂ ਕਰਦੀਆਂ, ਪਰ ਵਿਭਾਗ ਦਾ ਕਹਿਣਾ ਹੈ ਕਿ ਕਿਸੇ ਨੂੰ ਵੀ ਜ਼ੁਲਮ ਸਹਿਣ ਦੀ ਲੋੜ ਨਹੀਂ।

## ਦੁਨੀਆ ਦੀ ਸਭ ਤੋਂ ਵੱਡੀ ਬੁੱਧ ਮੂਰਤੀ ਵਿੱਚ ਦਰਾੜ, ਜਾਂਚ ਕਰ ਕੇ ਮੁਰੰਮਤ ਕੀਤੀ ਜਾਵੇਗੀ



ਪੇਈਚਿੰਗ, 3 ਅਕਤੂਬਰ (ਪੋਸਟ ਬਿਊਰੋ)- ਚੀਨ ਦੇ ਦੱਖਣੀ ਪੱਛਮੀ ਸਿਚੁਆਨ ਪ੍ਰਾਂਤ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਬੁੱਧ ਮੂਰਤੀ ਚਾਰ ਮਹੀਨੇ ਦੀ ਜਾਂਚ ਪਰਖ ਤੋਂ ਲੰਘੇਗੀ। ਮੂਰਤੀ ਦੀ ਮੁਰੰਮਤ ਲਈ ਚੱਲ ਰਹੀ ਕੋਸ਼ਿਸ਼ ਦੇ ਤਹਿਤ ਮੌਕੇ ਉਤੇ ਜਾ ਕੇ ਇਹ ਜਾਂਚ ਪਰਖ ਕੀਤੀ ਜਾਵੇਗੀ।

ਲੇਸ਼ਾਨ ਸ਼ਹਿਰ ਦੇ ਬਾਹਰੀ ਹਿੱਸੇ ਵਿੱਚ ਬਣਾਈ ਗਈ ਇਸ 71 ਮੀਟਰ ਉਚੀ ਮੂਰਤੀ ਦੀ ਛਾਤੀ ਤੇ ਪੇਟ ਵਾਲੇ ਹਿੱਸੇ ਵਿੱਚ ਦਰਾੜ ਆ ਗਈ ਹੈ ਅਤੇ ਕਿਤੇ-ਕਿਤੇ ਇਹ ਟੁੱਟ ਵੀ ਗਈ ਹੈ। ਲੇਸ਼ਾਨ ਬੁੱਧ ਖੇਤਰ ਦੀ ਪ੍ਰਬੰਧ ਕਮੇਟੀ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਚੀਨ ਦੀ ਸਰਕਾਰੀ ਨਿਊਜ਼ ਏਜੰਸੀ ਸ਼ਿਨਹੂਆ ਨੇ ਖਬਰ ਦਿੱਤੀ ਹੈ ਕਿ ਅੱਠ ਅਕਤੂਬਰ ਤੋਂ ਸ਼ੁਰੂ ਹੋਣ ਜਾ ਰਹੀ ਜਾਂਚ ਦੀ ਪ੍ਰਕਿਰਿਆ ਦੌਰਾਨ ਬੁੱਧ ਦੀ ਮੂਰਤੀ ਦਾ ਪ੍ਰਮੁੱਖ ਹਿੱਸਾ ਥੋੜ੍ਹੇ ਸਮੇਂ ਲਈ ਪੂਰੀ ਤਰ੍ਹਾਂ ਢੱਕ ਦਿੱਤਾ ਜਾਵੇਗਾ। ਸੱਭਿਆਚਾਰਕ ਵਿਰਾਸਤ ਦੇ ਚਿੰਨਾਂ ਦੇ ਦਰਜਨਾਂ ਮਾਹਰਾਂ ਦੀ ਨਿਗਰਾਨੀ ਵਿੱਚ ਮੂਰਤੀ ਦੀ ਜਾਂਚ ਕੀਤੀ ਜਾਵੇਗੀ। ਇਸ ਵਿੱਚ 3ਡੀ ਲੇਜਰ ਸਕੈਨਿੰਗ, ਇੰਫ੍ਰਾਰੈਡ ਥਰਮਲ ਇਮੇਜਿੰਗ ਵਰਗੀ ਤਕਨੀਕ ਦੀ ਵਰਤੋਂ ਹੋਵੇਗੀ ਅਤੇ ਡਰੋਨ ਦੇ ਨਾਲ ਹਵਾਈ ਸਰਵੇਖਣ ਵੀ ਕੀਤਾ ਜਾਵੇਗਾ। ਬੁੱਧ ਦੀ ਇਹ ਮੂਰਤੀ ਬਣਨ ਵਿੱਚ 90 ਸਾਲ ਤੋਂ ਵੱਧ ਸਮਾਂ ਲੱਗਾ ਸੀ। ਇਸ ਨੂੰ ਬਣਾਉਣ ਦੀ ਸ਼ੁਰੂਆਤ ਤਾਂਗ ਵੰਸ਼ (618-907) ਦੇ ਸ਼ਾਸਨ ਦੌਰਾਨ ਸਾਲ 713 ਵਿੱਚ ਹੋਈ ਸੀ। ਯੂਨੇਸਕੋ ਵਲੋਂ ਵਿਸ਼ਵ ਵਿਰਾਸਤ ਐਲਾਨ ਕੀਤੀ ਜਾ ਚੁੱਕੀ ਇਸ ਮੂਰਤੀ ਦੀ ਕਈ ਵਾਰ ਜਾਂਚ ਅਤੇ ਮੁਰੰਮਤ ਹੋ ਚੁੱਕੀ ਹੈ।

## ਸੈਰ-ਸਪਾਟੇ ਲਈ ਆਇਆ ਹੋਇਆ ਭਾਰਤੀ ਮ੍ਰਿਤਕ ਮਿਲਿਆ

ਆਕਲੈਂਡ, 3 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਬੈਂਗਲੁਰੂ ਤੋਂ ਦੋ ਹਫ਼ਤੇ ਲਈ ਘੁੰਮਣ ਵਾਸਤੇ ਨਿਊ ਜ਼ੀਲੈਂਡ ਵਿਖੇ ਆਇਆ ਇਕ 54 ਸਾਲਾ ਭਾਰਤੀ ਸਤੀਸ਼ ਬਾਬੂ ਇਥੋਂ ਦੇ ਇਕ ਸੈਰ-ਸਪਾਟੇ ਵਾਲੇ ਸਪਾਟ ਉੱਤੇ ਅਜਿਹੀ ਘੁੰਮਣਘੇਰੀ ਵਿਚ ਆਇਆ ਕਿ ਉਸ ਦੀ ਲਾਸ਼ ਹੀ ਮਿਲ ਸਕੀ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਰਤ ਤੋਂ 7 ਮੈਂਬਰੀ ਇਹ ਟੂਰਿਸਟ ਗਰੁੱਪ ਆਕਲੈਂਡ ਤੋਂ ਲਗਪਗ 350 ਕਿਲੋਮੀਟਰ ਦੂਰ 'ਟੋਂਗਾਰੀਰੋ ਅਲਪਾਈਨ ਕਰਾਸਿੰਗ' ਵਿਖੇ ਘੁੰਮਣ ਗਿਆ ਸੀ। ਇਹ ਕਰਾਸਿੰਗ 19.5 ਕਿਲੋਮੀਟਰ ਲੰਬੀ ਹੈ ਤੇ ਇਹ ਜਵਾਲਾਮੁਖੀ ਵਾਲੀਆਂ ਪਹਾੜੀਆਂ ਦੇ ਦਰਸ਼ਨ ਕਰਵਾਉਂਦੀ ਇਕ ਨੀਲੇ ਰੰਗ ਦੀ ਝੀਲ 'ਤੇ ਪਹੁੰਚਦੀ ਹੈ। ਇਕ ਪਾਸੇ ਲਾਲ ਲੰਗ ਦਾ ਲਾਵਾ ਨਜ਼ਰ ਆਉਂਦਾ ਹੈ ਅਤੇ ਵਿਚਾਲੇ ਨੀਲੇ ਰੰਗ ਦਾ ਪਾਣੀ ਹੁੰਦਾ ਹੈ। ਇਸ ਪੈਦਲ ਸਫ਼ਰ ਦੌਰਾਨ ਸਤੀਸ਼ ਬਾਬੂ ਪਹਿਲੀ ਅਕਤੂਬਰ ਨੂੰ ਕਿਤੇ ਗੁੰਮ ਹੋ ਗਿਆ, ਜਿਸ ਨੂੰ ਬਾਅਦ ਵਿਚ ਅਗਲੇ ਦਿਨ 2 ਅਕਤੂਬਰ ਨੂੰ ਮ੍ਰਿਤਕ ਹਾਲਤ ਵਿਚ ਪਾਇਆ ਗਿਆ। ਚਾਰ ਵਿਅਕਤੀ ਪੈਦਲ ਨਿਕਲੇ ਸਨ, ਤਿੰਨ ਪਾਰਕ ਵਿਚ ਵਾਪਸ ਆ ਕੇ ਚੌਥੇ ਦੀ ਉਡੀਕ ਕਰਦੇ ਰਹੇ, ਪਰ ਉਹ ਨਹੀਂ ਆਇਆ। ਰਾਹ ਵਿਚ ਉਹ ਇਕ ਦੂਜੇ ਤੋਂ ਵੱਖ ਹੋ ਗਏ ਸਨ। ਸਵੇਰੇ 8 ਵਜੇ ਇਹ ਤੁਰੇ ਸਨ ਤੇ ਦੁਪਹਿਰ 2.20 ਵਜੇ ਪੁਲਿਸ ਦੀ ਮਦਦ ਲਈ ਗਈ, ਪਰ ਮੌਸਮ ਖ਼ਰਾਬ ਹੋਣ ਕਾਰਨ ਹੈਲੀਕਾਪਟਰ ਨਹੀਂ ਜਾ ਸਕਿਆ। ਸਮਝਿਆ ਜਾਂਦਾ ਹੈ ਕਿ ਇਹ ਚੋਟੀ 'ਤੇ ਜਾਂਦਾ-ਜਾਂਦਾ ਹੇਠਾਂ ਤਿਲਕ ਗਿਆ ਅਤੇ ਖ਼ਰਾਬ ਮੌਸਮ ਕਾਰਨ ਠੰਢ ਨਾਲ ਮਰ ਗਿਆ। ਇਸ ਦੀ ਪਛਾਣ ਜਾਰੀ ਹੋਣ ਪਿੱਛੋਂ ਹਾਈ ਕਮਿਸ਼ਨ ਨੇ ਇਸ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਵਾਰ-ਵਾਰ ਕਹਿੰਦੇ ਹਨ ਇਹ ਯਾਤਰਾ ਗਰੁੱਪਾਂ ਵਿਚ ਕਰੋ ਤਾਂ ਕਿ ਕਿਸੇ ਨਾਲ ਦੁਰਘਟਨਾ ਦਾ ਪਤਾ ਲੱਗ ਸਕੇ, ਪਰ ਲੋਕ ਫਿਰ ਅਜਿਹੀਆਂ ਗ਼ਲਤੀਆਂ ਕਰਦੇ ਚਲੇ ਆ ਰਹੇ ਹਨ।

## ਅਰਬਾਂ ਡਾਲਰ ਦੇ ਘਪਲੇ ਵਿੱਚ ਸਾਬਕਾ ਪ੍ਰਧਾਨ ਮੰਤਰੀ ਦੀ ਪਤਨੀ ਗ੍ਰਿਫਤਾਰ



ਕੁਆਲਾਲੰਪੁਰ, 3 ਅਕਤੂਬਰ (ਪੋਸਟ ਬਿਊਰੋ)- ਮਲੇਸ਼ੀਆ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਪਤਨੀ ਰੋਸਮਾ ਮੰਸੂਰ ਨੂੰ ਅੱਜ ਅਰਬਾਂ ਡਾਲਰ ਦੇ ਘਪਲੇ ਦੇ ਕੇਸ ਵਿਚ ਭ੍ਰਿਸ਼ਟਾਚਾਰ ਰੋਕੂ ਕਮਿਸ਼ਨ ਨੇ ਗ੍ਰਿਫਤਾਰ ਕਰ ਲਿਆ। ਇਸ ਘਪਲੇ ਕਾਰਨ ਹੀ ਪਿਛਲੀ ਸਰਕਾਰ ਨੂੰ ਸੱਤਾ ਤੋਂ ਹੱਥ ਧੋਣੇ ਪਏ ਸਨ।

ਕੌਮਾਂਤਰੀ ਧੋਖਾਧੜੀ ਵਿਰੋਧੀ ਗਰੁੱਪ ਵਲੋਂ ਸਰਕਾਰੀ ਫੰਡ ਦੀ ਜਾਂਚ ਵਿਚ ਉਨ੍ਹਾਂ ਦੇ ਪਤੀ ਅਤੇ ਸਾਬਕਾ ਪ੍ਰਧਾਨ ਮੰਤਰੀ ਨਜੀਬ ਰੱਜ਼ਾਕ ਘੇਰੇ ਵਿਚ ਆਏ ਅਤੇ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਸਮੇਤ ਦੋ ਦਰਜਨ ਤੋਂ ਵੱਧ ਦੋਸ਼ ਲੱਗੇ ਸਨ। ਇਸ ਵੇਲੇ ਉਹ ਜ਼ਮਾਨਤ 'ਤੇ ਹਨ। ਰੋਸਮਾ ਮੰਸੂਰ ਦੇ ਵਕੀਲ ਕੇ. ਕੁਮਾਰੇਂਦ੍ਰਨ ਨੇ ਦੱਸਿਆ ਕਿ ਰੋਸਮਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਅੱਜ ਮਲੇਸ਼ੀਆ ਦੇ ਭ੍ਰਿਸ਼ਟਾਚਾਰ ਰੋਕੂ ਕਮਿਸ਼ਨ ਨੇ ਕਈ ਘੰਟੇ ਲੰਬੀ ਪੁੱਛ-ਗਿੱਛ ਕੀਤੀ ਸੀ। ਭ੍ਰਿਸ਼ਟਾਚਾਰ ਰੋਕੂ ਕਮਿਸ਼ਨ ਨੇ ਕਿਹਾ ਕਿ ਜੇ ਮੰਸੂਰ ਹਰੇਕ ਦੋਸ਼ ਵਿੱਚ ਦੋਸ਼ੀ ਠਹਿਰਾਈ ਜਾਂਦੀ ਹੈ ਤਾਂ ਉਨ੍ਹਾਂ ਨੂੰ 15 ਸਾਲ ਤਕ ਸਜ਼ਾ ਹੋ ਸਕਦੀ ਹੈ। ਰੋਸਮਾ ਮੰਸੂਰ ਕੁਆਲਾਲੰਪੁਰ ਦੇ ਬਾਹਰ ਮਲੇਸ਼ੀਆ ਦੀ ਪ੍ਰਸ਼ਾਸਕੀ ਰਾਜਧਾਨੀ ਪੁੱਤਰਜਯਾ ਵਿਚ ਕਮਿਸ਼ਨ ਦੇ ਮੁੱਖ ਦਫਤਰ ਵਿਚ ਰਹੇਗੀ।

## ਪਾਕਿ ਸੁਪਰੀਮ ਕੋਰਟ ਨੇ ਮੁਸ਼ੱਰਫ ਨੂੰ ਪੇਸ਼ ਹੋਣ ਦੀ ਤਾੜਨਾ ਕੀਤੀ

ਇਸਲਾਮਾਬਾਦ, 3 ਅਕਤੂਬਰ (ਪੋਸਟ ਬਿਊਰੋ)- ਸਾਬਕਾ ਫੌਜੀ ਸ਼ਾਸਕ ਪਰਵੇਜ ਮੁਸ਼ੱਰਫ ਖਿਲਾਫ ਚੱਲਦੇ ਕੇਸਾਂ ਵਿੱਚ ਪੇਸ਼ ਹੋਣ ਲਈ ਉਨ੍ਹਾਂ ਦੇ ਪਾਕਿਸਤਾਨ ਨਾ ਮੁੜਨ ਤੋਂ ਨਾਰਾਜ਼ ਚੀਫ ਜਸਟਿਸ ਸਾਕਿਬ ਨਿਸਾਰ ਨੇ ਕੱਲ੍ਹ ਚਿਤਾਵਨੀ ਦਿੱਤੀ ਹੈ ਕਿ ਜੇ 'ਬਹਾਦਰ ਕਮਾਂਡੋ' ਪੇਸ਼ ਨਹੀਂ ਹੁੰਦਾ ਤਾਂ ਉਸ ਨੂੰ 'ਅਪਮਾਨ ਜਨਕ ਢੰਗ ਨਾਲ' ਵਾਪਸ ਲਿਆਉਣਾ ਪਵੇਗਾ। ਅਖਬਾਰ 'ਡਾਅਨ' ਦੀ ਰਿਪੋਰਟ ਮੁਤਾਬਕ ਚੀਫ ਜਸਟਿਸ ਨਿਸਾਰ ਨੇ ਇਹ ਟਿੱਪਣੀਆਂ ਉਸ ਵਕਤ ਕੀਤੀਆਂ, ਜਦੋਂ ਮੁਸ਼ੱਰਫ ਦੇ ਵਕੀਲ ਨੇ ਤਿੰਨ ਜੱਜਾਂ ਦੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਦਾ ਕਲਾਈਂਟ ਅਦਾਲਤ ਦਾ ਸਤਿਕਾਰ ਕਰਦਾ ਹੈ, ਪਰ ਆਪਣੀ ਮੈਡੀਕਲ ਸਥਿਤੀ ਅਤੇ ਸੁਰੱਖਿਆ ਪ੍ਰਬੰਧਾਂ ਉੱਤੇ ਇਤਰਾਜ਼ ਕਾਰਨ ਵਾਪਸ ਆਉਣ ਤੋਂ ਅਸਮਰੱਥ ਹੈ। 75 ਸਾਲਾ ਮੁਸ਼ੱਰਫ ਸਾਲ 2016 ਤੋਂ ਦੁਬਈ 'ਚ ਰਹਿ ਰਿਹਾ ਹੈ। ਉਸ ਉੱਤੇ 2007 ਵਿੱਚ ਸੰਵਿਧਾਨ ਸਸਪੈਂਡ ਕਰਨ ਬਦਲੇ ਦੇਸ਼ ਧਰੋਹ ਦੇ ਕੇਸ ਦੀ ਕਾਰਵਾਈ ਚੱਲ ਰਹੀ ਹੈ।

## ਬੰਗਲਾ ਦੇਸ਼ ਵਿੱਚ ਸਿਰਫ 13 ਫੀਸਦੀ ਲੋਕ ਕਰਦੇ ਹਨ ਇੰਟਰਨੈੱਟ ਦੀ ਵਰਤੋਂ

ਢਾਕਾ, 3 ਅਕਤੂਬਰ (ਪੋਸਟ ਬਿਊਰੋ)- ਏਸ਼ੀਆ ਵਿਚ ਟੈਲੀਕਾਮ ਉੱਤੇ ਆਧਾਰਿਤ ਇਕ ਖੇਤਰੀ ਥਿੰਕ-ਟੈਂਕ ਦੀ ਰਿਪੋਰਟ ਮੁਤਾਬਕ ਬੰਗਲਾ ਦੇਸ਼ ਸਭ ਤੋਂ ਘੱਟ ਇੰਟਰਨੈਂਟ ਵਰਤੋਂ ਕਰਨ ਵਾਲੇ ਦੇਸ਼ਾਂ ਵਿਚੋਂ ਇਕ ਹੈ।

ਇਸ ਤਾਜ਼ਾ ਰਿਪੋਰਟ ਮੁਤਾਬਕ ਦੇਸ਼ ਦੀ ਆਬਾਦੀ ਦੇ ਸਿਰਫ 13 ਫੀਸਦੀ ਲੋਕ ਹੀ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਐੱਲ ਆਈ ਆਰ ਐਨ ਈ ਏਸ਼ੀਆ ਨਾਮੀ ਕੋਲੰਬੋ ਦੇ ਇਕ ਥਿੰਕ-ਟੈਂਕ ਨੇ 18 ਦੇਸ਼ਾਂ ਦਾ ਸਰਵੇਖਣ ਕਰਨ ਮਗਰੋਂ ਇਹ ਖੁਲਾਸਾ ਕੀਤਾ ਹੈ, ਜਿਸ ਵਿਚ ਪਤਾ ਲੱਗਾ ਹੈ ਕਿ ਬੰਗਲਾ ਦੇਸ਼ ਵਿਚ ਮੋਬਾਈਲ ਫੋਨ ਦੀ ਵਰਤੋਂ ਤੇ ਇੰਟਰਨੈਂਟ ਤਕ ਪਹੁੰਚ ਵਿਚ ਭਾਰੀ ਲਿੰਗ ਨਾ-ਬਰਾਬਰੀ ਹੈ। ਥਿੰਕ-ਟੈਂਕ ਨੇ ਬੀਤੇ ਸਾਲ ਨਵੰਬਰ ਵਿਚ ਬੰਗਲਾ ਦੇਸ਼ ਦੇ ਕਰੀਬ ਦੋ ਹਜ਼ਾਰ ਲੋਕਾਂ ਦਾ ਇੰਟਰਵਿਊ ਲੈਣ ਪਿੱਛੋਂ ਦੇਖਿਆ ਕਿ ਦੇਸ਼ ਵਿਚ 18 ਫੀਸਦੀ ਪੁਰਸ਼ ਅਤੇ 7 ਫੀਸਦੀ ਔਰਤਾਂ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਇਸ ਰਿਪੋਰਟ ਮੁਤਾਬਕ ਸ਼ਹਿਰੀ ਤੇ ਪੇਂਡੂ ਇਲਾਕਿਆਂ ਵਿਚ ਮੋਬਾਈਲ ਫੋਨ ਦੀ ਵਰਤੋਂ ਕਰਨ ਵਾਲੇ ਲੋਕਾਂ ਵਿਚ ਕਾਫੀ ਫਰਕ ਹੈ। ਬੰਗਲਾ ਦੇਸ਼ ਵਿਚ ਮੋਬਾਇਲ ਫੋਨ ਦੀ ਵਰਤੋਂ ਕਰਨ ਵਾਲੇ 27 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਮੋਬਾਇਲ ਫੋਨ ਉੱਤੇ ਵਿੱਤੀ ਸੇਵਾਵਾਂ ਦੀ ਵਰਤੋਂ ਕਰਦੇ ਹਨ। ਬੰਗਲਾ ਦੇਸ਼ ਵਿਚ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਇਕ ਚੌਥਾਈ ਤੋਂ ਵੀ ਘੱਟ ਲੋਕਾਂ ਨੂੰ ਇੰਟਰਨੈੱਟ ਨਾਲ ਚੀਜ਼ਾਂ ਖਰੀਦਣ ਤੇ ਵੇਚਣ ਵਾਲੇ ਪਲੇਟਫਾਰਮਾਂ ਦੀ ਜਾਣਕਾਰੀ ਹੈ। ਇੰਟਰਨੈੱਟ ਤੋਂ ਖਰੀਦਦਾਰੀ ਕਰਨ ਵਾਲੇ ਲੋਕਾਂ ਦੀ ਗਿਣਤੀ ਕਰੀਬ ਨਾ ਦੇ ਬਰਾਬਰ ਹੈ।

## ਸ਼ਾਂਤੀ ਪੂਰਵਕ ਹੋ ਰਿਹੈ ਮਾਲਦੀਵ ਵਿੱਚ ਸੱਤਾ ਦਾ ਤਬਾਦਲਾ



ਯੂ ਐਨ, 3 ਅਕਤੂਬਰ (ਪੋਸਟ ਬਿਊਰੋ)- ਯੂ ਐਨ 'ਚ ਮਾਲਦੀਵ ਨੇ ਸਥਾਈ ਪ੍ਰਤੀਨਿਧ ਅਲੀ ਨਸੀਰ ਮੁਹੰਮਦ ਨੇ ਵਿਸਵ ਸੰਸਥਾ ਨੂੰ ਵਿਸ਼ਵਾਸ ਦਿੱਤਾ ਹੈ ਕਿ ਉਨ੍ਹਾਂ ਦੇ ਦੇਸ਼ 'ਚ ਵਿਰੋਧੀ ਨੇਤਾ ਇਬਰਾਹਿਮ ਸਾਲੇਹ ਦਾ ਸੱਤਾ ਤਬਾਦਲਾ ਸ਼ਾਂਤੀ ਪੂਰਵਕ ਕੀਤਾ ਜਾ ਰਿਹਾ ਹੈ। ਸਾਲੇਹ ਪਿਛਲੇ ਮਹੀਨੇ ਹੋਈਆਂ ਚੋਣਾਂ 'ਚ ਰਾਸ਼ਟਰਪਤੀ ਚੁਣੇ ਗਏ ਸੀ।

ਨਸੀਰ ਦਾ ਇਹ ਬਿਆਨ ਉਨ੍ਹਾਂ ਖਬਰਾਂ ਦੌਰਾਨ ਆਇਆ ਹੈ, ਜਿਨ੍ਹਾਂ 'ਚ ਵਿਰੋਧੀਆਂ ਨੇ ਇਹ ਦਾਅਵਾ ਕੀਤਾ ਸੀ ਕਿ ਰਾਸ਼ਟਰਪਤੀ ਅਬਦੁੱਲਾ ਯਾਮੀਨ ਹਾਰ ਦੇ ਬਾਵਜੂਦ ਸੱਤਾ 'ਚ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ। ਵਿਰੋਧੀਆਂ ਨੇ ਸ਼ਾਂਤੀ ਨਾਲ ਸੱਤਾ ਦੇ ਤਬਾਦਲੇ ਲਈ ਅੰਤਰਰਾਸ਼ਟਰੀ ਜਥੇਬੰਦੀ ਤੋਂ ਮਦਦ ਦੀ ਗੁਹਾਰ ਵੀ ਲਾਈ ਸੀ। ਯੂ ਐਨ ਜਨਰਲ ਅਸੈਂਬਲੀ ਵਿੱਚ ਬੀਤੇ ਦਿਨੀਂ ਇਕ ਉਚ ਪੱਧਰੀ ਚਰਚਾ ਦੌਰਾਨ ਨਸੀਰ ਨੇ ਕਿਹਾ ਕਿ ਮਾਲਦੀਵ ਲਈ 23 ਸਤੰਬਰ ਦਾ ਦਿਨ ਅਸਾਧਾਰਨ ਸੀ। ਇਸ ਦਿਨ ਰਾਸ਼ਟਰਪਤੀ ਚੋਣਾਂ ਹੋਈਆਂ ਸੀ। ਇਹ ਅਜਿਹਾ ਸਮਾਂ ਹੈ, ਜਿਸ ਉੱਤੇ ਮਾਲਦੀਪ ਦਾ ਹਰ ਨੌਜਵਾਨ ਮਾਣ ਕਰ ਸਕਦਾ ਹੈ ਕਿ ਸਾਡੇ ਦੇਸ਼ ਨੇ ਕਿੰਨੀ ਤਰੱਕੀ ਕੀਤੀ ਹੈ। ਚੋਣਾਂ ਦੇ ਬਾਅਦ ਮਾਲਦੀਵ 'ਚ ਇਕ ਚੁਣੀ ਹੋਈ ਸਰਕਾਰ ਦੂਸਰੀ ਨਵੀਂ ਸਰਕਾਰ ਨੂੰ ਸੱਤਾ ਸੌਂਪ ਰਹੀ ਹੈ।



Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
◦ Unbeatable Prices ◦ Huge Discounts on
◦ Good Rates Various Insurances
Harmanjeet Kaur | 905.602.1629
LUCKY INSURANCE BROKERS LIMITED
1550 South Gateway Road, Suite #230 Mississauga, ON L4W 5G6


BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT BRAND NEW MACHINES 2018
Brake & Drum - On Special Sale!
-Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
7 ਦਿਨ ਖੁੱਲਾ
www.besttruckrepairandtire.ca | Email: ranjitbesttruck@yahoo.ca
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ ਕਾਂਗਰਸ ਨਾਲ ਗੱਠਜੋੜ ਕਰਨ ਤੋਂ ਮਾਇਆਵਤੀ ਨੇ ਨਾਂਹ ਕੀਤੀ



ਨਵੀਂ ਦਿੱਲੀ, 3 ਅਕਤੂਬਰ, (ਪੋਸਟ ਬਿਊਰੋ)- ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਸਬੰਧੀ ਵਿਰੋਧੀ ਪਾਰਟੀਆਂ ਦੀ ਇਕਜੁੱਟਤਾ ਨੂੰ ਓਦੋਂ ਇੱਕ ਵੱਡਾ ਧੱਕਾ ਲੱਗਾ, ਜਦੋਂ ਬਹੁਜਨ ਸਮਾਜ ਪਾਰਟੀ ਦੀ ਮੁਖੀ ਬੀਬੀ ਮਾਇਆਵਤੀ ਨੇ ਅੱਜ ਇਹ ਐਲਾਨ ਕਰ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਇਕੱਲੇ ਲੜੇਗੀ। ਉਹ ਇਨ੍ਹਾਂ ਰਾਜਾਂ ਵਿੱਚ ਖੇਤਰੀ ਪਾਰਟੀਆਂ ਨਾਲ ਗੱਠਜੋੜ ਕਰ ਸਕਦੀ ਹੈ, ਪਰ ਕਾਂਗਰਸ ਨਾਲ ਨਹੀਂ ਕਰੇਗੀ। ਉਨ੍ਹਾਂ ਇਹ ਵੀ ਦੋਸ਼ ਵੀ ਲਾਇਆ ਕਾਂ-ਗਰਸ ਨੇ ਬਸਪਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ।

ਆਪਣਾ ਲਿਖਤੀ ਬਿਆਨ ਪੜ੍ਹਦਿਆਂ ਮਾਇਆਵਤੀ ਨੇ ਖੁਲਾਸਾ ਕੀਤਾ ਕਿ ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ ਖੇਤਰੀ ਪਾਰਟੀਆਂ ਨਾਲ ਗੱਠਜੋੜ ਹੋ ਸਕਦਾ ਹੈ, ਪਰ ਕਾਂਗਰਸ ਨਾਲ ਨਹੀਂ ਹੋ ਸਕਦਾ। ਇਸ ਤੋਂ ਪਹਿਲਾਂ ਉਨ੍ਹਾਂ ਐਲਾਨ ਕੀਤਾ ਸੀ ਕਿ ਛੱਤੀਸਗੜ੍ਹ ਵਿੱਚ ਬਸਪਾ ਅਜੀਤ ਜੋਗੀ ਦੀ ਪਾਰਟੀ ਨਾਲ ਰਲ ਕੇ ਵਿਧਾਨ ਸਭਾ ਚੋਣਾਂ ਲੜ ਸਕਦੀ ਹੈ। ਮਾਇਆਵਤੀ ਦੇ ਬਿਆਨ ਤੋਂ ਹੈਰਾਨ ਹੋਈ ਕਾਂਗਰਸ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਬਸਪਾ ਦੀ ਮੁਖੀ ਰਾਹੁਲ ਤੇ ਸੋਨੀਆ ਗਾਂਧੀ ਉੱਤੇ ਭਰੋਸਾ ਰੱਖੇਗੀ ਅਤੇ ਇਸ ਨਾਲ ਸਦਭਾਵਨਾ ਵਿੱਚ ਆਏ ਫਰਕ ਰੋਕਣ ਦਾ ਮੌਕਾ ਮਿਲੇਗਾ। ਕਾਂਗਰਸ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਕਾਂਗਰਸ ਦਾ ਉਦੇਸ਼ ਭਾਜਪਾ ਨੂੰ ਹਰਾਉਣਾ ਹੈ ਤੇ ਜੇ ਕੋਈ ਪਾਰਟੀ ਸਾਡੇ ਨਾਲ ਆਵੇ ਤਾਂ ਉਸ ਦਾ ਸਵਾਗਤ ਹੈ, ਵਰਨਾ ਦੋਸਤਾਨਾ ਮੁਕਾਬਲਾ ਹੋਵੇਗਾ, ਇਹ ਕੋਈ ਖਾਸ ਗੱਲ ਵੀ ਨਹੀਂ ਹੈ।






# ਸਮਾਜ ਸੇਵੀ ਦਰਸ਼ਨ ਕੁਮਾਰ ਭਦੌੜ ਦੇ ਪੁੱਤਰ ਦੀ ਕੈਲਗਰੀ 'ਚ ਸੜਕ ਹਾਦਸੇ ਵਿਚ ਮੌਤ, ਭਰਾ ਜ਼ਖਮੀ



ਚੰਡੀਗੜ੍ਹ, 3 ਅਕਤੂਬਰ (ਪੋਸਟ ਬਿਊਰੋ): ਕੈਨੇਡਾ ਰਹਿੰਦੇ ਭਦੌੜ ਦੇ ਸਮਾਜ ਸੇਵੀ ਦਰਸ਼ਨ ਕੁਮਾਰ ਕਿਲੇ ਵਾਲੇ ਦੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਇੱਕ ਨੌਜਵਾਨ ਪੁੱਤਰ ਦੀ ਕੈਨੇਡਾ ਵਿਖੇ ਕੈਲਗਰੀ ਚ ਬਰਫਬਾਰੀ (ਸਲਿਪਰੀ) ਦੌਰਾਨ ਹੋਏ ਭਿਆਨਕ ਸੜਕ ਹਾਦਸੇ ਚ ਮੌਤ ਹੋ ਗਈ ਅਤੇ ਦੂਜਾ ਜ਼ਖ਼ਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਕੈਲਗਰੀ ਵਿਖੇ ਦੇ ਸ਼ਾਮ ਸਮੇਂ ਸੰਦੀਪ ਕੁਮਾਰ ਸੋਨੀ ਤੇ ਉਸਦਾ ਛੋਟਾ ਭਰਾ ਹਰਵਿੰਦਰ ਕੁਮਾਰ ਹੈਰੀ ਦੋਵੇਂ ਇੱਕ ਗੱਡੀ ਤੇ ਸਵਾਰ ਹੋ ਕੇ ਘਰ ਤੋਂ ਕੰਮ 'ਤੇ ਜਾ ਰਹੇ ਸਨ। ਜਦ ਘਰ ਤੋਂ ਪੰਜਾਹ ਕੁ ਕਿਲੋਮੀਟਰ ਦੂਰੀ 'ਤੇ ਐਡਮਿੰਟਨ ਰੋਡ 'ਤੇ ਜਾ ਰਹੇ ਸਨ ਤਾਂ ਕੁਝ ਘੰਟੇ ਪਹਿਲਾਂ ਹੋਈ ਭਾਰੀ ਬਰਫਬਾਰੀ ਕਾਰਨ ਰੋਡ 'ਤੇ ਸਲਿਪਰੀ ਦੀ ਵਜ੍ਹਾ ਕਰਕੇ ਸਾਹਮਣੇ ਜਾ ਰਿਹਾ ਟਰਾਲਾ ਹਾਦਸਾਗ੍ਰਸਤ ਹੋ ਗਿਆ। ਜਿਸ ਦੇ ਪਿੱਛੇ ਉਨ੍ਹਾਂ ਦੀ ਗੱਡੀ ਟਕਰਾ ਗਈ। ਇਸ ਹਾਦਸੇ ਚ ਸੰਦੀਪ ਕੁਮਾਰ ਸੁਰੱਖਿਅਤ ਰਿਹਾ ਪਰ ਸਾਈਡ 'ਤੇ ਨਾਲ ਬੈਠੇ ਹਰਵਿੰਦਰ ਕੁਮਾਰ ਦੀ ਲੱਤ ਗੱਡੀ ਚ ਲੱਤ ਫਸ ਗਈ। ਉਸਦੇ ਬਚਾਅ ਲਈ ਜਦ ਸੰਦੀਪ ਕੁਮਾਰ ਗੱਡੀ ਚੋਂ ਉੱਤਰ ਕੇ ਬਚਾਅ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਇਸ ਦੌਰਾਨ ਹੀ ਪਿਛੇ ਤੋਂ ਇੱਕ ਤੇਜ ਰਫਤਾਰ ਲੋਡ ਟਰਾਲੇ ਨੇ ਉਨ੍ਹਾਂ ਦੀ ਗੱਡੀ ਨੂੰ ਭਿਆਨਕ ਟੱਕਰ ਮਾਰ ਦਿੱਤੀ। ਜਿਸ ਕਾਰਨ ਉਨ੍ਹਾਂ ਦੀ ਗੱਡੀ ਵਿਚਕਾਰ ਹੋਣ ਕਾਰਨ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਹਰਵਿੰਦਰ ਕੁਮਾਰ ਹੈਰੀ (30) ਵੀ ਗੱਡੀ ਚ ਬੁਰੀ ਤਰ੍ਹਾਂ ਫਸ ਗਿਆ। ਜਿਸ ਦੇ ਚਲਦਿਆਂ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਸੰਦੀਪ ਕੁਮਾਰ ਸੋਨੀ ਜਖਮੀ ਹੋ ਗਿਆ। ਜਿਸਨੂੰ ਤੁਰੰਤ ਹਸਪਤਾਲ ਇਲਾਜ ਲਈ ਭਰਤੀ ਕਰਵਾਇਆ । ਜਿਥੇ ਉਸਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ। ਪਰਿਵਾਰ ਅਨੁਸਾਰ ਹਰਵਿੰਦਰ ਕੁਮਾਰ ਦੇ ਵਿਆਹ ਦੀਆ ਵੀ ਇਸੇ ਸਾਲ ਤਿਆਰੀਆਂ ਸਨ, ਪਰੰਤੂ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਹਰਵਿੰਦਰ ਦਾ ਅੰਤਿਮ ਸਸਕਾਰ ਕੈਨੇਡਾ ਦੇ ਕੈਲਗਰੀ ਵਿਖੇ ਹੀ ਹੋਵੇਗਾ।

# GURPREET BAINS

## CANDIDATE FOR BRAMPTON REGIONAL COUNCILLOR WARDS 2 & 6



### Gurpreet Kaur Bains has a Concrete Plan to Address Gridlock and Traffic Safety

Brampton, Ontar io – Ms . Gurpreet Kaur Bains , candidate for Regional Councillor in Wards 2 and 6 in Brampton has a concrete plan to addres s a common concern she has been hear ing from the resident s in Wards 2 and 6 – t raffic conges tion and road safety. Outdated technology, a di sorganized traffic network, speeding and t raffic safety di sobedience are all cont r ibuting factor s leading to an increased number of car accidents in Brampton. The City of Brampton has identified s t reet lighting upgrades , t raffic s ignal updates , and traffic calming methods as key projects as solutions to ease t raffic conges tion and improve road safety.

Once elected, Bains intends to propose that the City of Brampton take thei r efforts ones tep far ther and ensure we are future- ready by inves ting in Smart Lights . This modernized traffic light system will provide the City the ability to monitor and s t reamline t raffic flow effectively, while pai r ing it with targeted t raffic calming methods to decrease gr idlock.

"By utilizing emerging technology and proven best practices , I intend to ensure Brampton is a safer community for pedes t r ians and dr iver s alike, " said Bains . "As a City, we mus t always be actively researching innovative and envi ronmentally sus tainable options to ensure the concerns of our residents are addres sed while making the neces saryinves tments to be a future-ready city. "




## ਲੜਕੀ ਦੀ ਲੋੜ

Mann ਜੱਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜੱਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

Jhajj ਜੱਟ ਸਿੱਖ,ਉਮਰ 33 ਸਾਲ, ਕੱਦ 6 ਫੁੱਟ, Post Graduate ਲੜਕੇ ਲਈ PR ਲੜਕੀ ਦੀ ਲੋੜ। visitor visa ਹੋਲਡਰ 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ visitor visa 'ਤੇ ਹੈ।
ਸੰਪਰਕ ਕਰੋ - 647-408-3814

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਗਹੋਟਰਾ, ਕੈਨੇਡੀਅਨ ਸਿਟੀਜ਼ਨ, ਚੰਡੀਗੜ੍ਹ ਬੋਰਨ, ਉਮਰ 33 ਸਾਲ, ਕੱਦ 5'11" ਲਈ ਕੈਨੇਡੀਅਨ ਜਾਂ ਅਮੇਰਿਕਨ ਲੜਕੀ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-212-4856, 587-930-1345

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਹੇਠ ਲਿਖੇ ਨੂੰ ਤੇ
ਸੰਪਰਕ ਕਰੋ- 647-237-5343, 647-688-4149

## ਲੜਕੀ ਦੀ ਲੋੜ

ਜੱਟ ਸਿੱਖ ਵੈਸ਼ਨੂੰ ਲੜਕਾ, ਉਮਰ 27 ਸਾਲ, ਕੱਦ 6 ਫੁੱਟ, Post Graduate + N.I.S ਵਿੱਚ Diploma, Clean Shave, ਸਰਕਾਰੀ ਜੋਬ, ਵਿਜ਼ਟਰ ਵੀਜ਼ੇ ਤੇ ਆਏ ਲੜਕੇ ਲਈ P.R/Citizen/Student ਲੜਕੀ ਦੀ ਲੋੜ ਹੈ. Currently Working in S.A.I North India; Mom retired principal, Father is working in Private Sector;
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:-
905-956-4499 | 647-285-2299 ਜਾਂ +91 98147-10102 (Whatsapp Only)

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.






## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, Born 1993 , ਕੱਦ 5'2", Post Graduate in Canada, GNM india ਲਈ ਲੜਕੇ ਦੀ ਲੋੜ ਹੈ। ਸਿਰਫ ਓਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ, Born 1991 , ਕੱਦ 5'6", GNM india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਦੇ ਹਨ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060


A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

IFS ਨੂੰ USA, Montreal, Montreal Local ਅਤੇ Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ
- 2 ਸਾਲ ਦਾ Experience, USA ਵਾਸਤੇ ਫਾਸਟ ਕਾਰਡ (Fast Card) ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

E-Mail Resume to careers@interstatefreightsystem.com
ਜਾਂ ਕਾਲ ਕਰੋ 416-452-0677, 647-448-3500
( Monday to Friday from 10am to 5pm)




ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ
Chronic diseases of Men, Women and Children

Home Visit G Singh;
Ph: 416.931.0028

Dr. Edward Bach Flower Remedies

INNOVATION TRANSPORTATION NEEDED A/Z CITY DRIVER
ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ
∘7 Days Work ∘All Shifts Available
- A/Z Driver Needed
- City Drivers Also Needed
- Good Pay/Mileage
- Day & Afternoon Shift & Weekend
- Weekly Pay

NOW HIRING $22 /Hour
Call : 416- 268-9952
70 Delta Park Blvd, Unit # 4, Brampton

Domestic Help Required

Looking for domestic help which includes meal preparation, house cleaning and other supportive duties for two senior citizens.
- Work is 3 days per week.
- Wage will be $15.00 / hour.
- Punjabi/Hindi and English Preffered
- Must have a car to drive to work.

This care is for my inlaws in Carlisle Ontario (west of Milton).
Please call Tripat Bratch, 905-689-0164."

ਡਰਾਈਵਰ ਤੇ ਕਾਮੀਆਂ ਦੀ ਲੋੜ

ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਆਦਮੀਆਂ ਦੀ ਲੋੜ ਹੈ, ਕੰਮ ਪੂਰਾ ਹਫਤਾ ਚਲਦਾ ਹੈ। ਘਰੋਂ ਲੈ ਕੇ ਜਾਣ ਤੱਕ ਦਾ ਪੂਰਾ ਪ੍ਰਬੰਧ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ।

ਸੂਬੇਦਾਰ ਗਰੇਵਾਲ:
647-400-0060 | 647-621-1024

# ਕੈਨੇਡਾ ਨੇ ਆਪਣੀ ਖੁਦਮੁਖਤਿਆਰੀ ਅਮਰੀਕਾ ਨੂੰ ਸੌਂਪੀ !

ਓਟਵਾ, 3 ਅਕਤੂਬਰ (ਪੋਸਟ ਬਿਊਰੋ) : ਆਪਣੀ ਨਵੀਂ ਟਰੇਡ ਡੀਲ ਨਾਲ ਅਸਲ ਵਿੱਚ ਕੈਨੇਡਾ ਨੇ ਆਪਣੀ ਖੁਦਮੁਖਤਿਆਰੀ ਅਮਰੀਕਾ ਨੂੰ ਸੌਂਪ ਦਿੱਤੀ ਹੈ। ਸੱਭ ਤੋਂ ਪਹਿਲਾਂ ਕਲਾਜ਼ 32 ਦੀ ਗੱਲ ਕਰਦੇ ਹਾਂ। ਇਸ ਵਿੱਚ ਭਾਵੇਂ ਗੋਲਮੋਲ ਗੱਲ ਕੀਤੀ ਗਈ ਹੈ ਪਰ ਉਸ ਦਾ ਸਿੱਧਾ ਮਤਲਬ ਇਹ ਹੈ ਕਿ ਜੇ ਕੈਨੇਡਾ ਚੀਨ ਨਾਲ ਕੋਈ ਟਰੇਡ ਡੀਲ ਕਰਦਾ ਹੈ ਤਾਂ ਉਸ ਸਬੰਧੀ ਗੱਲਬਾਤ ਬਾਰੇ ਸੱਭ ਤੋਂ ਪਹਿਲਾਂ ਅਮਰੀਕਾ ਨੂੰ ਜਾਣੂ ਕਰਵਾਉਣਾ ਹੋਵੇਗਾ ਤੇ ਗੱਲਬਾਤ ਦਾ ਮਸੌਦਾ ਅਮਰੀਕਾ ਨਾਲ ਸਾਂਝਾ ਕਰਨਾ ਹੋਵੇਗਾ। ਹਰੇਕ ਡੀਲ ਦਾ ਟੈਕਸਟ ਵੀ ਅਮਰੀਕਾ ਕੋਲ ਜਮ੍ਹਾਂ ਕਰਵਾਉਣਾ ਹੋਵੇਗਾ ਉਹ ਵੀ ਡੀਲ ਹੋਣ ਤੋਂ ਪਹਿਲਾਂ। ਫਿਰ ਅਮਰੀਕਾ ਉਸ ਡੀਲ ਦਾ ਮੁਲਾਂਕਣ ਕਰੇਗਾ ਤੇ ਇੱਕ ਕੁੱਤੇ ਵਾਂਗ ਕੈਨੇਡਾ ਸਬੰਧਤ ਡੀਲ ਬਾਰੇ ਅਮਰੀਕਾ ਦੇ ਫੈਸਲੇ ਦੀ ਉਡੀਕ ਕਰੇਗਾ।



ਜੇ ਅਮਰੀਕਾ ਨੂੰ ਉਹ ਡੀਲ ਪਸੰਦ ਨਹੀਂ ਆਉਂਦੀ (ਜੋ ਕਿ ਸੌ ਫੀ ਸਦੀ ਸੱਚ ਹੈ ਕਿ ਨਹੀਂ ਆਵੇਗੀ ਕਿਉਂਕਿ ਅਮਰੀਕਾ ਨਹੀਂ ਚਾਹੇਗਾ ਕਿ ਕੈਨੇਡਾ ਉਨ੍ਹਾਂ ਦੇ ਕਿਸੇ ਤਕੜੇ ਆਰਥਿਕ ਵਿਰੋਧੀ ਨਾਲ ਵਧੀਆ ਸਬੰਧ ਬਣਾਵੇ) ਤਾਂ ਕੈਨੇਡਾ ਨੂੰ ਨਾਫਟਾ ਦੇ ਇਸ ਨਵੇਂ ਸੰਸਕਰਣ ਤੋਂ ਬਾਹਰ ਕਰ ਦਿੱਤਾ ਜਾਵੇਗਾ ਤੇ ਫਿਰ ਇਹ ਨਵਾਂ ਸਮਝੌਤਾ ਮੈਕਸਿਕੋ ਨਾਲ ਦੁਵੱਲੀ ਡੀਲ ਬਣ ਕੇ ਰਹਿ ਜਾਵੇਗਾ। ਕੈਨੇਡਾ ਨੂੰ ਇਸ ਤਰ੍ਹਾਂ ਦੀ ਗੱਲ ਮੰਨਣੀ ਹੀ ਨਹੀਂ ਸੀ ਚਾਹੀਦੀ ਪਰ ਇਸ ਵਿੱਚ ਕੋਈ ਹੈਰਾਨੀ ਨਹੀਂ ਹੋਈ ਕਿ ਕੈਨੇਡਾ ਨੇ ਇਹ ਮੰਨ ਲਿਆ। ਟਰੰਪ ਦੀ ਪਹੁੰਚ ਹੀ ਅਜਿਹੀ ਹੈ ਕਿ ਪਹਿਲਾਂ ਉਹ ਆਪਣੇ ਭਾਈਵਾਲਾਂ ਤੇ ਪਾਰਟਨਰਜ਼ ਦੀ ਬੇਇੱਜ਼ਤੀ ਕਰਦਾ ਹੈ, ਉਨ੍ਹਾਂ ਨੂੰ ਧਮਕੀਆਂ ਦੇ ਕੇ ਫਸਾਉਂਦਾ ਹੈ ਜਿਵੇਂ ਕਿ ਕੈਨੇਡਾ ਉੱਤੇ ਆਟੋ ਤੇ ਆਟੋ ਪਾਰਟਸ ਸਬੰਧੀ ਮਣ ਪੱਕੇ ਟੈਰਿਫ ਲਾਉਣ ਦੀ ਧਮਕੀ, ਤੇ ਆਪਣਾ ਉੱਲੂ ਸਿੱਧਾ ਕਰ ਲੈਂਦਾ ਹੈ।

ਟਰੰਪ ਵੱਲੋਂ ਨੌਨ ਮਾਰਕਿਟ ਕੰਟਰੀਜ਼ ਦੀ ਥਾਂ ਉੱਤੇ ਚੀਨ ਦਾ ਹੀ ਨਾਂ ਕਿਉਂ ਲਿਆ ਗਿਆ ਕਿਉਂਕਿ ਅਮਰੀਕਾ ਨੇ ਕੈਨੇਡਾ ਤੇ ਹੋਰ ਪੱਛਮੀ ਮੁਲਕਾਂ ਵਿੱਚ ਇਹ ਸਾਫ ਸਾਫ ਸੁਣਿਆ ਸੀ ਲੋਕ ਆਪਣੀਆਂ ਸਰਕਾਰਾਂ ਨੂੰ ਟਰੰਪ ਦੀ ਧੱਕੇਸ਼ਾਹੀ ਰੋਕਣ ਲਈ ਹੋਰਨਾਂ ਟਰੇਡਿੰਗ ਭਾਈਵਾਲਾਂ ਨਾਲ ਸਬੰਧ ਮਜ਼ਬੂਤ ਕਰਨ ਲਈ ਆਖ ਰਹੇ ਸਨ। ਅਮਰੀਕੀ ਕੈਨੇਡਾ ਤੇ ਮੈਕਸਿਕੋ ਨੂੰ ਆਪਣੇ ਕਲਾਇੰਟ ਮੁਲਕ ਮੰਨਦੇ ਹਨ ਤੇ ਇਸ ਲਈ ਕੈਨੇਡਾ ਵੱਲੋਂ ਆਜ਼ਾਦਾਨਾ ਸੋਚ ਅਪਨਾਉਣ ਦੀ ਕੋਈ ਵੀ ਕੋਸ਼ਿਸ਼ ਨੂੰ ਉਹ ਸਿਰੇ ਨਹੀਂ ਲੱਗਣ ਦੇ ਸਕਦੇ। ਨਾਫਟਾ ਡੀਲ ਨੂੰ ਮੁੜ ਨੰਵਿਆਉਣ ਲਈ ਚੱਲੀ ਗੱਲਬਾਤ ਵਿੱਚ ਮੌਜੂਦ ਰਹੇ ਕੈਨੇਡੀਅਨ ਵਕੀਲ ਨੇ ਦੱਸਿਆ ਕਿ ਅਮਰੀਕੀ ਸਾਫ ਤੌਰ ਉੱਤੇ ਇਹ ਆਖ ਰਹੇ ਸਨ ਕਿ ਅਸੀਂ ਨੌਰਥ ਅਮੈਰਿਕਾ ਨੂੰ ਨਿਯੰਤਰਿਤ ਕਰਨ ਜਾ ਰਹੇ ਹਾਂ। ਉਨ੍ਹਾਂ ਆਖਿਆ ਕਿ ਇਹ ਉਮੀਦ ਨਹੀਂ ਸੀ ਕਿ ਕੈਨੇਡਾ ਇਸ ਤਰ੍ਹਾਂ ਦੇ ਕਲਾਜ਼ ਵਾਲੀ ਡੀਲ ਉੱਤੇ ਸਹੀ ਪਾ ਕੇ ਆਪਣੇ ਹੀ ਹੱਥ ਵਢਾ ਲਵੇਗਾ।

ਕੈਨੇਡਾ ਅਮਰੀਕਾ ਵਿਚਾਲੇ ਹੋਏ ਅਸਲੀ ਮੁਕਤ ਵਪਾਰ ਸਮਝੌਤੇ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਗੌਰਡਨ ਰਿਚੀ ਨੇ ਆਖਿਆ ਕਿ ਕਲਾਜ਼ 32 ਅਸਲ ਵਿੱਚ ਅਮਰੀਕਾ ਦੇ ਉਨ੍ਹਾਂ ਤੌਖਲਿਆਂ ਬਾਰੇ ਹੈ ਜਿਸ ਵਿੱਚ ਉਸ ਨੂੰ ਡਰ ਹੈ ਕਿ ਚੀਨੀ ਵਸਤਾਂ ਕੈਨੇਡਾ ਰਾਹੀਂ ਮਾਰਕਿਟ ਵਿੱਚ ਦਾਖਲ ਹੋ ਸਕਦੀਆਂ ਹਨ। ਇਸ ਕਲਾਜ਼ ਤਹਿਤ ਕੈਨੇਡਾ ਨੂੰ ਇਸ ਤਰ੍ਹਾਂ ਦੀ ਕਿਸੇ ਵੀ ਨਵੀਂ ਡੀਲ ਬਾਰੇ ਤਿੰਨ ਮਹੀਨੇ ਪਹਿਲਾਂ ਹੀ ਅਮਰੀਕਾ ਨੂੰ ਦੱਸਣਾ ਹੋਵੇਗਾ। ਇਸ ਨੂੰ ਆਪਣੀ ਖੁਦਮੁਖਤਿਆਰੀ ਪਲੇਟ ਵਿੱਚ ਸਜ਼ਾ ਕੇ ਦੂਜੇ ਹਵਾਲ ਕਰਨਾ ਨਹੀਂ ਆਖਿਆ ਜਾਂਦਾ ਤਾਂ ਫਿਰ ਕੀ ਆਖਿਆ ਜਾਂਦਾ ਹੈ।

ਨਵੀਂ ਟਰੇਡ ਡੀਲ ਤਹਿਤ ਕੈਨੇਡਾ ਵਿੱਚ ਦਾਖਲ ਹੋਣ ਵਾਲੀ ਕੋਈ ਵੀ 150 ਡਾਲਰ ਤੋਂ ਘੱਟ ਵਾਲੀ ਖੇਪ ਅਸਲ ਵਿੱਚ ਡਿਊਟੀ ਫਰੀ ਹੋਵੇਗੀ। ਇਹ ਸੋਚ ਕੇ ਕਾਫੀ ਚੰਗਾ ਲੱਗਦਾ ਹੈ ਪਰ ਹਕੀਕਤ ਇਸ ਤੋਂ ਉਲਟ ਹੈ। ਅਮਰੀਕਾ ਤੋਂ ਆਉਣ ਵਾਲੀਆਂ ਵਸਤਾਂ ਉੱਤੇ ਅਸਲ ਟੈਕਸ ਦੋ ਫੀ ਸਦੀ ਹੈ। ਮਤਲਬ ਇਹ ਕਿ ਕੈਨੇਡਾ ਨੇ 150 ਡਾਲਰ ਦੀ ਖੇਪ ਉੱਤੇ 3 ਡਾਲਰ ਛੱਡਣ ਲਈ ਸਹਿਮਤੀ ਦੇ ਦਿੱਤੀ। ਇਸ ਦੌਰਾਨ ਕੈਨੇਡਾ 40 ਡਾਲਰ ਤੋਂ ਵੱਧ ਦੀ ਖੇਪ ਉੱਤੇ 12.25 ਫੀ ਸਦੀ ਐਚਐਸਟੀ ਵਸੂਲਣੀ ਜਾਰੀ ਰੱਖੇਗਾ। ਇਸ ਤੋਂ ਭਾਵ ਹੈ ਕਿ 150 ਡਾਲਰ ਦੀ ਖੇਪ ਉੱਤੇ 18.40 ਡਾਲਰ।

# ਹਾਲਵੇਅ ਹੈਲਥ ਕੇਅਰ ਨੂੰ ਖਤਮ ਕਰਨ ਦੀ ਤਿਆਰੀ ਕਰ ਰਹੀ ਹੈ ਓਨਟਾਰੀਓ ਸਰਕਾਰ

ਟੋਰਾਂਟੋ, 3 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਆਪਣੇ ਇੱਕ ਹੋਰ ਵਾਅਦੇ ਨੂੰ ਪੂਰਾ ਕਰਨ ਜਾ ਰਹੀ ਹੈ। ਲਾਂਗ ਟਰਮ ਕੇਅਰ, ਹੈਲਥ ਕੇਅਰ ਸਿਸਟਮ ਉੱਤੇ ਬੋਝ ਘਟਾ ਕੇ ਤੇ ਫਰੰਟ ਲਾਈਨ ਹੈਲਥ ਕੇਅਰ ਪ੍ਰੋਫੈਸ਼ਨਲਜ਼ ਤੇ ਹੋਰਨਾਂ ਮਾਹਿਰਾਂ ਨਾਲ ਰਲ ਕੇ ਕੰਮ ਕਰਕੇ ਹਾਲਵੇਅ ਹੈਲਥ ਕੇਅਰ ਨੂੰ ਖਤਮ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ।



ਅੱਜ ਪ੍ਰੀਮੀਅਰ ਡੱਗ ਫੋਰਡ ਤੇ ਡਿਪਟੀ ਪ੍ਰੀਮੀਅਰ ਤੇ ਹੈਲਥ ਐਂਡ ਲਾਂਗ ਟਰਮ ਕੇਅਰ ਮੰਤਰੀ ਕ੍ਰਿਸਟੀਨ ਐਲੀਅਟ ਨੇ ਐਲਾਨ ਕੀਤਾ ਕਿ ਓਨਟਾਰੀਓ ਭਰ ਵਿੱਚ ਨਵੀਂ ਲਾਂਗ ਟਰਮ ਕੇਅਰ ਲਈ 6000 ਬੈੱਡ ਲਾਏ ਜਾਣਗੇ। ਇਹ 6000 ਲਾਂਗ ਟਰਮ ਕੇਅਰ ਬੈੱਡਜ਼ ਲਾਏ ਜਾਣ ਦੀ ਮੁਹਿੰਮ ਅਸਲ ਵਿੱਚ 15000 ਬੈੱਡ ਲਾਉਣ ਦੀ ਮੁਹਿੰਮ ਹੈ ਤੇ ਇਸ ਟੀਚੇ ਨੂੰ ਅਗਲੇ ਪੰਜ ਸਾਲਾਂ ਵਿੱਚ ਪੂਰਾ ਕਰਨ ਦੀ ਜ਼ਿੰਮੇਵਾਰੀ ਸਰਕਾਰ ਨੇ ਲਈ ਹੈ।

ਫੌਰੀ ਕਦਮ ਚੁੱਕਦਿਆਂ ਫੋਰਡ ਤੇ ਐਲੀਅਟ ਨੇ ਇਹ ਐਲਾਨ ਵੀ ਕੀਤਾ ਕਿ ਓਨਟਾਰੀਓ ਵੱਲੋਂ ਫਲੂ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ 640 ਨਵੇਂ ਬੈੱਡ ਲਾਏ ਜਾਣਗੇ ਤੇ ਬੈੱਡਜ਼ ਲਈ ਫੰਡਿੰਗ ਜਾਰੀ ਰੱਖੀ ਜਾਵੇਗੀ ਤਾਂ ਕਿ ਕਮਿਊਨਿਟੀਜ਼ ਅਜਿਹੇ ਸੀਜ਼ਨ ਲਈ ਤਿਆਰ ਹੋ ਸਕਣ। ਇਸ ਤਰ੍ਹਾਂ ਦੇ ਕਦਮ ਚੁੱਕੇ ਜਾਣ ਨਾਲ ਹਸਪਤਾਲਾਂ ਉੱਤੇ ਪੈਣ ਵਾਲਾ ਵਾਧੂ ਬੋਝ ਘੱਟ ਜਾਵੇਗਾ, ਡਾਕਟਰ ਤੇ ਨਰਸਾਂ ਵਧੇਰੇ ਚੰਗੀ ਤਰ੍ਹਾਂ ਕੰਮ ਕਰ ਸਕਣਗੇ ਤੇ ਮਰੀਜ਼ ਨੂੰ ਬਿਹਤਰ ਤੇ ਤੇਜ਼ੀ ਨਾਲ ਸਿਹਤਯਾਬ ਹੋਣ ਦਾ ਮੌਕਾ ਮਿਲੇਗਾ।

ਫੋਰਡ ਨੇ ਆਖਿਆ ਕਿ ਜੇ ਇੱਕ ਮਰੀਜ਼ ਦਾ ਇਲਾਜ ਹਾਲਵੇਅ ਵਿੱਚ ਕੀਤਾ ਜਾਂਦਾ ਹੈ ਤਾਂ ਉਹ ਕਈ ਮਰੀਜ਼ਾਂ ਦੇ ਬਰਾਬਰ ਹੈ। ਕਿਸੇ ਡਾਕਟਰ ਨੂੰ ਮਿਲਣ ਤੋਂ ਪਹਿਲਾਂ ਅਜਿਹੇ ਮਰੀਜ਼ਾਂ ਨੂੰ ਲੰਮਾਂ ਇੰਤਜ਼ਾਰ ਕਰਨਾ ਪੈਂਦਾ ਹੈ ਜਾਂ ਫਿਰ ਮਰੀਜ਼ ਹਾਲਵੇਅ ਵਿੱਚ ਸਟਰੈਚਰਾਂ ਉੱਤੇ ਪਏ ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਹਨ, ਜੋ ਸਵੀਕਾਰਨਯੋਗ ਨਹੀਂ ਹੈ। ਇਸ ਉਡੀਕ ਕਾਰਨ ਮਰੀਜ਼ ਵੱਖਰਾ ਪਰੇਸ਼ਾਨ ਹੁੰਦਾ ਹੈ ਤੇ ਉਸ ਦਾ ਪਰਿਵਾਰ ਵੱਖਰਾ ਤੰਗ ਹੁੰਦਾ ਹੈ। ਡਾਕਟਰ ਤੇ ਨਰਸਾਂ ਵੀ ਅੱਕ ਥੱਕ ਜਾਂਦੇ ਹਨ। ਅਸੀਂ ਓਨਟਾਰੀਓ ਦੇ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਆਪਣੇ ਹਸਪਤਾਲਾਂ ਨੂੰ ਬਿਹਤਰ ਢੰਗ ਨਾਲ ਚਲਾਵਾਂਗੇ ਤੇ ਉਨ੍ਹਾਂ ਨੂੰ ਬਣਦੀ ਸਿਹਤ ਸੰਭਾਲ ਮੁਹੱਈਆ ਕਰਾਵਾਂਗੇ।

ਫੋਰਡ ਤੇ ਐਲੀਅਟ ਨੇ ਇਹ ਐਲਾਨ ਇੰਪਰੂਵਿੰਗ ਹੈਲਥਕੇਅਰ ਐਂਡ ਐਂਡਿੰਗ ਹਾਲਵੇਅ ਮੈਡੀਸਨ ਬਾਰੇ ਪ੍ਰੀਮੀਅਰਜ਼ ਕਾਉਂਸਲ ਦੀ ਉਦਘਾਟਨੀ ਮੀਟਿੰਗ ਵਿੱਚ ਕੀਤਾ। ਡਾ. ਰੂਬਿਨ ਡੈਵਲਿਨ ਦੀ ਅਗਵਾਈ ਵਿੱਚ ਕਾਉਂਸਲ ਕੂਟਨੀਤਕ ਤਰਜੀਹਾਂ ਦੀ ਸਿਫਾਰਿਸ਼ ਕਰੇਗੀ ਤੇ ਓਨਟਾਰੀਓ ਦੇ ਹੈਲਥ ਕੇਅਰ ਸਿਸਟਮ ਵਿੱਚ ਕਿਵੇਂ ਸੁਧਾਰ ਕੀਤਾ ਜਾਵੇ ਇਹ ਸੁਝਾਵੇਗੀ। ਇਸ ਦੇ ਨਾਲ ਹੀ 90 ਮਿਲੀਅਨ ਡਾਲਰ ਦਾ ਹੋਰ ਨਿਵੇਸ਼ ਇਸ ਸਬੰਧ ਵਿੱਚ ਕੀਤਾ ਜਾਵੇਗਾ।

# ਇਸਤਰੀ ਅਕਾਲੀ ਦਲ ਪਟਿਆਲਾ ਰੈਲੀ 'ਚ ਵਧ ਚੜ੍ਹ ਕੇ ਹਿੱਸਾ ਲਵੇਗਾ : ਜਗੀਰ ਕੌਰ

ਚੰਡੀਗੜ੍ਹ, 3 ਅਕਤੂਬਰ (ਪੋਸਟ ਬਿਊਰੋ): ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਅੱਜ ਪਾਰਟੀਆਂ ਦੀਆਂ ਸਾਰੀਆਂ ਮਹਿਲਾ ਕਾਰਕੁਨਾਂ ਨੂੰ ਅਕਾਲੀਆਂ ਨਾਲ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਵਿਰੁਧ ਰੋਸ ਪ੍ਰਗਟਾਉਣ ਲਈ 7 ਅਕਤੂਬਰ ਨੂੰ ਪਟਿਆਲਾ ਵਿਖੇ ਕੀਤੀ ਜਾ ਰਹੀ ਜਬਰ-ਵਿਰੋਧੀ ਰੈਲੀ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਪਾਰਟੀ ਵਰਕਰਾਂ ਨੂੰ ਮੌਜੂਦਾ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਖਿਲਾਫ ਜਨਤਕ ਲਾਮਬੰਦੀ ਕਰਨ ਲਈ ਵੀ ਆਖਿਆ ਹੈ।



ਇੱਥੇ ਜ਼ਿਲ੍ਹਾ ਪ੍ਰਧਾਨਾਂ, ਸਰਕਲ ਪ੍ਰਧਾਨਾਂ ਅਤੇ ਕਾਰਕੁੰਨਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੀਬੀ ਜੰਗੀਰ ਕੌਰ ਨੇ ਇਹਨਾਂ ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਆ ਰਹੀਆਂ ਪੰਚਾਇਤ ਚੋਣਾਂ ਦੌਰਾਨ ਸੱਤਾਧਾਰੀ ਕਾਂਗਰਸ ਪਾਰਟੀ ਵੱਲੋਂ ਕੀਤੀਆਂ ਜਾਣ ਵਾਲੀਆਂ ਧੱਕੇਸ਼ਾਹੀਆਂ ਅਤੇ ਹੇਰਾਫੇਰੀਆਂ ਦਾ ਡਟ ਕੇ ਮੁਕਾਬਲਾ ਕਰਨ ਆਖਿਆ। ਵਰਕਰਾਂ ਨੂੰ ਸਾਹਮਣੇ ਦਿਸ ਰਹੀਆਂ ਚੁਣੌਤੀਆਂ ਪ੍ਰਤੀ ਚੌਕਸ ਕਰਦਿਆਂ ਬੀਬੀ ਜੰਗੀਰ ਕੌਰ ਨੇ ਕਿਹਾ ਕਿ ਕਾਂਗਰਸ ਸਰਕਾਰ ਵਿਰੋਧੀਆਂ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀਆਂ ਅਹੁਦੇਦਾਰ ਇੱਥੇ ਇਸ ਸਾਲ ਹੋਣ ਵਾਲੀਆਂ ਪੰਚਾਇਤ ਚੋਣਾਂ ਦੀ ਤਿਆਰੀ ਵਿੱਢਣ ਅਤੇ ਅਗਲੇ ਤਿਮਾਹੀ ਦੌਰਾਨ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਖਾਕਾ ਉਲੀਕਣ ਵਾਸਤੇ ਇਕੱਤਰ ਹੋਈਆਂ ਸਨ। ਇਸ ਮੌਕੇ ਜੰਗੀਰ ਕੌਰ ਨੇ ਕਿਹਾ ਕਿ ਵਿੰਗ ਦੀ ਕਾਰਜਸ਼ੈਲੀ ਸੁਧਾਰਨ ਲਈ 22 ਅਕਤੂਬਰ ਤੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਇੱਕ ਦੋ ਰੋਜ਼ਾ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਦੌਰਾਨ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਪਾਰਟੀ ਦੀ ਵਿਚਾਰਧਾਰਾ, ਪ੍ਰੋਗਰਾਮਾਂ ਅਤੇ ਵਚਨਬੱਧਤਾਵਾਂ ਤੋਂ ਜਾਣੂ ਕਰਵਾਇਆ ਜਾਵੇਗਾ।

## Classifieds/ਕਲਾਸੀਫਾਈਡਸ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਵਾਜਿਬ ਕੀਮਤ ਤੇ ਤਸੱਲੀ ਬਖਸ਼ ਕੰਮ ਦੀ ਗਰੰਟੀ
With Over 15 Years of Experience
ਪੇਂਟ | ਬੈਕਸਪਲੇਸ ਕਿਚਨ | ਬੇਸਮੈਂਟ ਫਿਨਿਸ਼ ਤੇ ਵਾਸ਼ਰੂਮ | ਫਲੋਰ ਟਾਇਲਜ
Perfect Renovations
Call Davinder Singh: 416.909.6650

YOUR AD HERE
Check our Free E-paper at: www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੌ ਬਰ ਨੌ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।
ਜਿਆਦਾ ਜਾਣਕਾਰੀ ਲਈ: 647-632-1742

V4U LOGISTIC INC.
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ: 416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

JOBS! JOBS! JOBS! JOBS!
ਜੇ ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ ਸਾਡੇ ਨਾਲ ਸੰਪਰਕ ਕਰੋ
D&S Deol and Song Inc.
Available Positions for full time and part time
General Labour, Order Picking, Assembly Work, Drivers
Forklift & Raymond, Packaging, Reach Operators, Wood Workers
Quality Control, Machine Operators, Office Work, Helpers
Contact Us
P: 905-847-8821 Ext 152
E: customerservice@d-n-s.ca
W: www.d-n-s.ca
Good Hourly Salary
7290 Major Mackenzie Drive Kleinberg, Ont. L0J 1C0

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
ਵਧੀਆ ਤਨਖਾਹ
ਆਟੋਪਾਰਟਸ ਲਈ
ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ Toronto to Montreal ਲਈ ਲੋੜ ਹੈ
ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਅਭਿਨੇਤਰੀ ਸਿਰਫ ਸ਼ੋਅ ਪੀਸ ਨਹੀਂ : ਆਲੀਆ

ਕਰਣ ਜੌਹਰ ਦੀ 'ਸਟੂਡੈਂਟ ਆਫ ਦਿ ਈਅਰ' ਨਾਲ ਆਪਣਾ ਕਰੀਅਰ ਸ਼ੁਰੂ ਕਰਨ ਵਾਲੀ ਅਭਿਨੇਤਰੀ ਆਲੀਆ ਭੱਟ ਆਪਣੇ ਪਿਤਾ ਮਹੇਸ਼ ਭੱਟ ਅਤੇ ਭੈਣ ਪੂਜਾ ਭੱਟ ਵਾਂਗ ਗੁਣੀ ਅਤੇ ਹੋਣਹਾਰ ਹੈ। ਉਹ ਦੋਵਾਂ ਨਾਲ ਮਿਲ ਕੇ 'ਸੜਕ 2' ਕਰਨ ਵਾਲੀ ਹੈ। ਇਸ ਦੇ ਇਲਾਵਾ ਵੀ ਉਸ ਕੋਲ ਕਈ ਪ੍ਰੋਜੈਕਟ ਹਨ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਕੁਝ ਅੰਸ਼ :

* ਸਿਧਾਰਥ ਮਲਹੋਤਰਾ ਨਾਲ ਪਹਿਲੇ ਤੁਸੀਂ 'ਸੜਕ 2' ਵਿੱਚ ਨਜ਼ਰ ਆਉਣ ਵਾਲੇ ਸੀ, ਪਰ ਉਨ੍ਹਾਂ ਦੇ ਨਾਲ ਬ੍ਰੇਕਅਪ ਹੋਣ ਦੇ ਕਾਰਨ ਸਿਧਾਰਥ ਰਾਏ ਕਪੂਰ ਦੇ ਨਾਲ ਇਹ ਫਿਲਮ ਬਣਨ ਵਾਲੀ ਹੈ। ਉਨ੍ਹਾਂ ਦੇ ਨਾਲ ਪਹਿਲੀ ਵਾਰ ਕੰਮ ਕਰਨ ਵਾਲੇ ਹੋ। ਕਿਹੋ ਜਿਹਾ ਲੱਗ ਰਿਹਾ ਹੈ?

– ਸਿਧਾਰਥ ਨਾਲ ਕੰਮ ਕਰਨਾ ਓਨਾ ਹੀ ਮਜ਼ੇਦਾਰ ਹੋਵੇਗਾ, ਜਿੰਨਾ ਬਾਕੀ ਐਕਟਰਾਂ ਨਾਲ ਕੰਮ ਕਰਨਾ ਰਿਹਾ ਹੈ। ਮੈਂ ਇਸ ਤੋਂ ਪਹਿਲਾਂ 'ਡੀਅਰ ਜ਼ਿੰਦਗੀ' ਵਿੱਚ ਉਨ੍ਹਾਂ ਨਾਲ ਸਕਰੀਨ ਸ਼ੇਅਰ ਕਰ ਚੁੱਕੀ ਹਾਂ। ਉਸ ਵਿੱਚ ਸਿਡ ਦੇ ਨਾਲ ਖਾਸ ਸੀਨ ਨਹੀਂ ਸਨ, ਕਿਉਂਕਿ ਉਨ੍ਹਾਂ ਦਾ ਕੇਵਲ ਸਪੈਸ਼ਲ ਅਪੀਅਰੈਂਸ ਸੀ। ਇਸ ਵਾਰੀ ਉਹ ਹੀਰੋ ਹਨ ਤਾਂ ਉਮੀਦ ਹੈ ਕਿ ਉਨ੍ਹਾਂ ਦੇ ਨਾਲ ਕੀਤੀ ਇਹ ਇੱਕ ਯਾਦਗਾਰ ਫਿਲਮ ਬਣ ਜਾਏਗੀ।

* ਤੁਸੀਂ ਜਦ ਤੋਂ ਆਪਣਾ ਕਰੀਅਰ ਸ਼ੁਰੂ ਕੀਤਾ ਹੈ, ਤਦ ਤੋਂ ਆਪਣੇ ਪਿਤਾ ਮਹੇਸ਼ ਭੱਟ ਨਾਲ ਫਿਲਮ ਕਰਨਾ ਚਾਹੁੰਦੇ ਸੀ। 'ਸੜਕ 2' ਨਾਲ ਤੁਹਾਡਾ ਇਹ ਸੁਫਨਾ ਪੂਰਾ ਹੋਣ ਵਾਲਾ ਹੈ। ਕਿਹੋ ਜਿਹਾ ਲੱਗ ਰਿਹਾ ਹੈ?

– ਮੈਂ ਸ਼ੁਰੂ ਤੋਂ ਹੀ ਆਪਣੇ ਪਿਤਾ ਦੇ ਨਿਰਦੇਸ਼ਨ ਵਿੱਚ ਬਣਨ ਵਾਲੀ ਕਿਸੇ ਫਿਲਮ ਦਾ ਹਿੱਸਾ ਬਣਨਾ ਚਾਹੁੰਦੀ ਸੀ। ਮੈਂ ਸ਼ੁਰੂ ਤੋਂ ਉਨ੍ਹਾਂ ਨੂੰ ਕਹਿੰਦੀ ਸੀ ਕਿ ਪਾਪਾ ਕਿਸੇ ਫਿਲਮ ਨੂੰ ਤੁਸੀਂ ਬਣਾਓ, ਕਿਉਂਕਿ ਇਹ ਮੇਰਾ ਸੁਫਨਾ ਸੀ। ਉਨ੍ਹਾਂ ਨੇ ਮੇਰੀ ਗੱਲ ਮੰਨ ਲਈ ਹੈ ਅਤੇ ਉਮੀਦ ਕਰਦੀ ਹਾਂ ਕਿ ਜਲਦੀ ਤੋਂ ਜਲਦੀ ਇਹ ਫਿਲਮ ਸਿਨੇਮਾਘਰਾਂ ਵਿੱਚ ਹੋਵੇ।

* ਆਉਣ ਵਾਲੀਆਂ ਫਿਲਮਾਂ ਬਾਰੇ ਦੱਸੋ?

– ਆਉਂਦੇ ਸਮੇਂ ਵਿੱਚ ਮੈਂ ਸ਼ਾਹਰੁਖ ਖਾਨ, ਅਨੁਸ਼ਕਾ ਸ਼ਰਮਾ ਅਤੇ ਕੈਟਰੀਨਾ ਕੈਫ ਦੀ 'ਜ਼ੀਰੋ' ਦਾ ਹਿੱਸਾ ਬਣਨ ਵਾਲੀ ਹਾਂ। ਉਸ ਵਿੱਚ ਮੇਰਾ ਕੈਮੀਓ ਰੋਲ ਹੈ। ਵਰੁਣ ਧਵਨ ਨਾਲ 'ਕਲੰਕ' ਅਤੇ ਰਣਬੀਰ ਕਪੂਰ ਦੇ ਨਾਲ 'ਬ੍ਰਹਮਾਸਤਰ' ਕਰਨ ਵਾਲੀ ਹਾਂ। ਇਸ ਦੇ ਇਲਾਵਾ ਰਣਵੀਰ ਸਿੰਘ ਦੇ ਨਾਲ ਮਿਊਜ਼ੀਕਲ ਡਰਾਮਾ 'ਗਲੀ ਬੁਆਇਜ' ਸ਼ਾਮਲ ਹੈ, ਜਿਸ ਨੂੰ ਜ਼ੋਇਆ ਅਖਤਰ ਡਾਇਰੈਕਟ ਕਰੇਗੀ।

* ਤੁਸੀਂ ਆਪਣੇ ਕਰੀਅਰ ਦੀ ਸ਼ੁਰੂਆਤ ਵਿੱਚ 'ਹਾਈਵੇ' ਕਰ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਕੀ ਉਸ ਵਕਤ ਇਸ ਤਰ੍ਹਾਂ ਦੀ ਫਿਲਮ ਕਰਦਿਆਂ ਇੱਕ ਵੀ ਡਰ ਨਹੀਂ ਲੱਗਾ?

– ਜਦ ਮੈਨੂੰ ਇਸ ਫਿਲਮ ਦਾ ਆਫਰ ਆਇਆ ਤਾਂ ਮੈਂ ਇਸ ਦੇ ਡਾਇਰੈਕਟਰ ਇਮਤਿਆਜ਼ ਅਲੀ ਨੂੰ ਮਿਲੀ। ਉਨ੍ਹਾਂ ਨੇ ਮੈਨੂੰ ਇਸ ਦੀ ਸਕ੍ਰਿਪਟ ਸੁਣਾਈ ਤਾਂ ਉਹ ਮੇਰੇ ਦਿਲ ਨੂੰ ਛੂਹ ਗਈ। ਉਹ ਇੱਕ ਬਿਹਤਰੀਨ ਲੇਖਕ ਹੋਣ ਦੇ ਨਾਲ-ਨਾਲ ਚੰਗੇ ਡਾਇਰੈਕਟਰ ਵੀ ਹਨ। ਸਕ੍ਰਿਪਟ ਸੁਣ ਕੇ ਕਹਾਣੀ ਜਿੰਨੀ ਚੰਗੀ ਲੱਗੀ, ਉਸ ਤੋਂ ਕਿਤੇ ਵੱਧ ਉਹ ਪਰਦੇ 'ਤੇ ਦਿਖਾਈ ਦਿੱਤੀ। ਜਦ ਮੈਂ ਇਸ ਨੂੰ ਕਰਨ ਵਾਲੀ ਸੀ ਤਾਂ ਮੈਨੂੰ ਕਿਸੇ ਤਰ੍ਹਾਂ ਦਾ ਡਰ ਨਹੀਂ ਸੀ ਕਿ ਲੋਕ ਇਸ ਨੂੰ ਪਸੰਦ ਕਰਨਗੇ ਜਾਂ ਨਹੀਂ, ਮੈਂ ਬੱਸ ਇੱਕ ਚੰਗੀ ਫਿਲਮ ਵਿੱਚ ਕੰਮ ਕਰਨਾ ਚਾਹੁੰਦੀ ਸੀ ਤੇ ਮੈਂ ਉਹ ਕੀਤਾ। ਦਰਸ਼ਕਾਂ ਨੂੰ ਫਿਲਮ ਪਸੰਦ ਆਈ, ਉਨ੍ਹਾਂ ਨੇ ਵੀ ਮੇਰੇ ਵਰਗੀ ਸੋਚ ਰੱਖੀ ਅਤੇ ਉਸ ਨੂੰ ਪਸੰਦ ਕੀਤਾ ਇਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ।

* ਬਾਲੀਵੁੱਡ ਵਿੱਚ ਪਹਿਲਾਂ ਤੋਂ ਜ਼ਿਆਦਾ ਮਹਿਲਾ ਪ੍ਰਧਾਨ ਫਿਲਮਾਂ ਬਣਨ ਲੱਗੀਆਂ ਹਨ ਅਤੇ ਦਰਸ਼ਕ ਅਜਿਹੀਆਂ ਫਿਲਮਾਂ ਨੂੰ ਪਹਿਲ ਦੇਣ ਲੱਗੇ ਹਨ। ਕੀ ਅੱਜ ਦਾ ਦਰਸ਼ਕ ਬਦਲ ਗਿਆ ਹੈ?

– ਇਹ ਤਾਂ ਬੇਹੱਦ ਵਧੀਆ ਹੈ ਕਿ ਅੱਜ ਦੇ ਦਰਸ਼ਕ ਅਲੱਗ ਤਰ੍ਹਾਂ ਦਾ ਸਿਨੇਮਾ ਪਸੰਦ ਕਰਨ ਲੱਗੇ ਹਨ। ਉਹ ਕੇਵਲ ਮਰਦ ਪ੍ਰਧਾਨ ਫਿਲਮਾਂ 'ਤੇ ਨਹੀਂ ਟਿਕੇ ਹੋਏ। ਇਹ ਅੱਜ ਦੇ ਫੀਮੇਲ ਕਲਾਕਾਰਾਂ ਲਈ ਚੰਗੀ ਗੱਲ ਹੈ ਤੇ ਸਾਨੂੰ ਇਸ ਗੱਲ 'ਤੇ ਮਾਣ ਕਰਨਾ ਚਾਹੀਦਾ ਹੈ। ਅੱਜ ਦੀਆਂ ਅਭਿਨੇਤਰੀਆਂ ਫਿਲਮਾਂ ਵਿੱਚ ਸ਼ੋਅ ਪੀਸ ਬਣ ਕੇ ਨਹੀਂ ਰਹਿ ਗਈਆਂ। ਦਰਸ਼ਕਾਂ ਦਾ ਨਜ਼ਰੀਆ ਬਦਲ ਰਿਹਾ ਹੈ, ਪਰ ਅਜੇ ਪੂਰੀ ਤਰ੍ਹਾਂ ਨਹੀਂ ਬਦਲਿਆ, ਚੱਲੋ ਇੰਨਾ ਫਰਕ ਆ ਗਿਆ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਅੰਤਰ ਜ਼ਰੂਰ ਆਉਣਗੇ।



# ਖੁਦ ਬਣਾਇਆ ਆਪਣਾ ਮੁਕਾਮ : ਈਸ਼ਾ ਗੁਪਤਾ

'ਜੰਨਤ 2', 'ਰੁਸਤਮ' 'ਕਮਾਂਡੋ 2' ਅਤੇ 'ਬਾਦਸ਼ਾਹੋ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆ ਚੁੱਕੀ ਈਸ਼ਾ ਗੁਪਤਾ ਦੇ ਕਰੀਅਰ ਦੀ ਅੱਜ ਤੱਕ ਦੀ ਆਖਰੀ ਫਿਲਮ ਜੇ ਪੀ ਦੱਤਾ ਦੀ ਜੰਗ ਉੱਤੇ ਆਧਾਰਤ 'ਪਲਟਨ' ਹੈ। ਇਸ ਫਿਲਮ ਬਾਰੇ ਜਿੰਨੀਆਂ ਗੱਲਾਂ ਕਹੀਆਂ ਗਈਆਂ ਸਨ, ਉਹ ਸਾਰੀਆਂ ਬਾਕਸ ਆਫਿਸ 'ਤੇ ਫਜ਼ੂਲ ਸਾਬਤ ਹੋਈਆਂ, ਕਿਉਂਕਿ ਬਿਜ਼ਨਸ ਦੇ ਪੱਖ ਤੋਂ ਫਲਾਪ ਹੋਈ ਹੈ। ਇਸ ਨਾਲ ਈਸ਼ਾ ਨਿਰਾਸ਼ ਹੈ, ਪਰ ਉਸ ਨੇ ਹਿੰਮਤ ਨਹੀਂ ਹਾਰੀ। ਅੱਗੋਂ ਉਹ 'ਟੋਟਲ ਧਮਾਲ' ਅਤੇ 'ਹੇਰਾ ਫੇਰੀ 3' ਵਰਗੀਆਂ ਫਿਲਮਾਂ 'ਚ ਨਜ਼ਰ ਆਉਣ ਵਾਲੀ ਹੈ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਕੁਝ ਅੰਸ਼–

* ਕੀ ਸੱਚਮੁੱਚ ਤੁਸੀਂ ਸੰਘਰਸ਼ ਦਾ ਦੌਰ ਦੇਖਿਆ ਹੈ?

– ਬਿਲਕੁਲ, ਪਰ ਆਪਣੇ ਸੰਘਰਸ਼ ਦੇ ਦਿਨਾਂ ਵਿੱਚ ਵੀ ਮੈਂ ਕਿਸੇ ਨੂੰ ਆਪਣੇ ਹੰਝੂ ਨਹੀਂ ਦਿਖਾਏ, ਸਗੋਂ ਮੌਕੇ ਦੀ ਭਾਲ ਕਰਦੀ ਰਹੀ। ਮੇਰਾ ਸੰਘਰਸ਼ ਆਖਰ ਰੰਗ ਲਿਆਇਆ ਤੇ ਅੱਜ ਮੈਂ ਇਥੇ ਹਾਂ। ਇਸ ਲਈ ਮੈਂ ਆਪਣੇ ਸਟ੍ਰਗਲ ਬਾਰੇ ਖਾਸ ਗੱਲ ਨਹੀਂ ਕਰਦੀ, ਪਰ ਸੱਚ ਇਹ ਹੈ ਕਿ ਮੈਂ ਬਹੁਤ ਸੰਘਰਸ਼ ਕੀਤਾ ਹੈ। ਏਸੇ ਲਈ ਮੈਂ ਕਹਿੰਦੀ ਹਾਂ ਕਿ ਆਪਣਾ ਮੁਕਾਮ ਮੈਂ ਖੁਦ ਆਪਣੇ ਹੱਥਾਂ ਨਾਲ ਬਣਾਇਆ ਹੈ। ਮੈਂ ਜਿੱਥੇ ਪਹੁੰਚੀ ਹਾਂ, ਆਪਣੀ ਮਿਹਨਤ ਨਾਲ ਪਹੁੰਚੀ ਹਾਂ।

* ਕੀ ਅੱਜ ਵੀ ਤੁਹਾਨੂੰ ਲੱਗਦਾ ਹੈ ਕਿ ਫਿਲਮ ਨਗਰੀ 'ਚ ਗੌਡਫਾਦਰ ਦਾ ਹੋਣਾ ਬਹੁਤ ਜ਼ਰੂਰੀ ਹੈ?

– ਬਿਲਕੁਲ, ਬਾਲੀਵੁੱਡ 'ਚ ਟੈਲੇਂਟ ਬੋਲਦਾ ਹੈ, ਪਰਵਾਰਕ ਬੈਕਗਰਾਊਂਡ ਕੰਮ ਨਹੀਂ ਆਉਂਦੀ। ਸ਼ੁਰੂ ਵਿੱਚ ਪਰਵਾਰਕ ਬੈਕਗਰਾਊਂਡ ਤੁਹਾਡੀ ਮਦਦ ਜ਼ਰੂਰ ਕਰਦੀ ਹੈ, ਪਰ ਆਖਰ ਆਪਣੇ ਆਪ ਨੂੰ ਸਾਬਤ ਕਰਨਾ ਪਵੇਗਾ। ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦੀ ਕਿ ਜੇ ਮੇਰੇ ਫਾਦਰ ਫਿਲਮ ਨਗਰੀ ਵਿੱਚੋਂ ਹੁੰਦੇ ਤਾਂ ਮੈਂ ਰਿਕਸ਼ੇ 'ਤੇ ਨਹੀਂ, ਬੀ ਐੱਮ ਡਬਲਯੂ 'ਚ ਸਫਰ ਕਰਦੀ, ਪਰ ਪਿਤਾ ਦਾ ਇਹ ਪ੍ਰਭਾਵ ਹਮੇਸ਼ਾ ਮੇਰੀ ਮਦਦ ਨਹੀਂ ਕਰ ਸਕਦਾ।

* ਕਿਸ ਤਰ੍ਹਾਂ ਦੇ ਕਿਰਦਾਰ ਕਰਨਾ ਚਾਹੁੰਦੇ ਹੋ?

– ਮੈਂ ਫਿਲਮ ਨਗਰੀ ਵਿੱਚ ਜ਼ਿਆਦਾ ਪੁਰਾਣੀ ਨਹੀਂ, ਪਰ ਫਿਲਮ ਨਗਰੀ 'ਚ ਜੋ ਵੱਡੇ ਫਿਲਮ ਮੇਕਰਸ ਹਨ, ਉਨ੍ਹਾਂ ਦੇ ਜਾਂ ਤਾਂ ਆਪਣੇ ਫੇਵਰੇਟਸ ਹਨ ਜਾਂ ਉਹ ਤੁਹਾਨੂੰ ਵੱਖਰੇ ਰੋਲ ਵਿੱਚ ਨਹੀਂ ਦੇਖਣਾ ਚਾਹੁੰਦੇ। ਫਿਰ ਵੀ ਮੈਂ ਕੋਸ਼ਿਸ਼ ਕਰ ਰਹੀ ਹਾਂ ਕਿ ਵੱਖਰੇ-ਵੱਖਰੇ ਕਿਰਦਾਰਾਂ ਨਾਲ ਪਰਦੇ 'ਤੇ ਆਵਾਂ। ਮੈਂ ਰੋਮਾਂਟਿਕ ਫਿਲਮਾਂ ਕੀਤੀਆਂ ਹਨ, ਐਕਸ਼ਨ ਕੀਤੇ ਹਨ ਤੇ ਇਸ ਵੇਲੇ ਕਾਮੇਡੀ 'ਚ ਹੱਥ ਅਜ਼ਮਾ ਰਹੀ ਹਾਂ, ਮਤਲਬ ਖੁਦ ਨੂੰ ਐਕਟਿੰਗ ਦੇ ਵੱਖ-ਵੱਖ ਰੂਪਾਂ ਨਾਲ ਜੋੜ ਰਹੀ ਹਾਂ।

* 'ਟੋਟਲ ਧਮਾਲ' ਬਾਰੇ ਕੀ ਕਹੋਗੇ?

– ਮੇਰੇ ਲਈ ਇਹ ਫਿਲਮ ਬਹੁਤ ਐਕਸਾਈਟਿੰਗ ਹੈ ਕਿਉਂਕਿ ਇੱਕ ਤਾਂ ਇਸ ਦੇ ਨਿਰਦੇਸ਼ਕ ਇੰਦਰ ਕੁਮਾਰ ਹਨ, ਜਿਨ੍ਹਾਂ ਨਾਲ ਕੰਮ ਕਰਨ ਦਾ ਸੁਫਨਾ ਪੂਰਾ ਹੋ ਰਿਹਾ ਹੈ। ਨਾਲ ਇਸ ਵਿੱਚ ਮੇਰਾ ਰੋਲ ਕਾਫੀ ਵੱਖਰਾ ਹੈ। ਇਸ ਤੋਂ ਇਲਾਵਾ ਇਸ 'ਚ ਅਨਿਲ ਕਪੂਰ, ਅਜੈ ਦੇਵਗਨ, ਮਾਧੁਰੀ ਦੀਕਸ਼ਿਤ, ਬੋਮਨ ਇਰਾਨੀ, ਮਹੇਸ਼ ਮਾਂਜਰੇਕਰ, ਜਾਵੇਦ ਜਾਫਰੀ, ਅਰਸ਼ਦ ਵਾਰਸੀ ਵਰਗੇ ਕਮਾਲ ਦੇ ਐਕਟਰ ਹਨ। ਮੇਰੇ ਲਈ ਸਭ ਤੋਂ ਖਾਸ ਗੱਲ ਇਹ ਹੈ ਕਿ ਡਾਂਸਿੰਗ ਕੁਈਨ ਮਾਧੁਰੀ ਦੀਕਸ਼ਿਤ ਨਾਲ ਮੈਂ ਡਾਂਸ ਕੀਤਾ। ਇਸ ਤੋਂ ਇਲਾਵਾ ਇੰਦਰ ਕੁਮਾਰ ਦੇ ਡਾਇਰੈਕਸ਼ਨ 'ਚ 'ਹੇਰਾ ਫੇਰੀ 3' ਵੀ ਕਰ ਰਹੀ ਹਾਂ। ਜਲਦ ਹੀ ਫਿਲਮ ਦਾ ਐਲਾਨ ਕਰ ਦਿੱਤਾ ਜਾਵੇਗਾ। ਫਿਲਮ ਦੀ ਸ਼ੂਟਿੰਗ ਅਗਲੇ ਸਾਲ ਦੇ ਸ਼ੁਰੂ ਵਿੱਚ ਸ਼ੁਰੂ ਹੋਵੇਗੀ। ਇਹ ਫਿਲਮ ਬਹੁਤ ਵੱਡੇ ਬਜਟ ਨਾਲ ਬਣਨ ਵਾਲੀ ਹੈ, ਜੋ 2019 ਦੇ ਅਖੀਰ ਤੱਕ ਰਿਲੀਜ਼ ਹੋਵੇਗੀ।

* ਤੁਹਾਡੀ ਫਿਲਮ 'ਪਲਟਨ' ਬਾਕਸ ਆਫਿਸ 'ਤੇ ਫਲਾਪ ਹੋ ਗਈ। ਕੀ ਕਹੋਗੇ?

– ਕਿਸੇ ਵੀ ਫਿਲਮ ਦੇ ਅਸਫਲ ਹੋ ਜਾਣ ਨਾਲ ਦੁੱਖ ਜ਼ਰੂਰ ਹੁੰਦਾ ਹੈ, ਪਰ ਕਲਾਕਾਰ ਦੀ ਜ਼ਿੰਦਗੀ ਉਸ ਇੱਕ ਫਿਲਮ ਨਾਲ ਹੀ ਖਤਮ ਨਹੀਂ ਹੋ ਜਾਂਦੀ। ਕਾਮਯਾਬੀ ਮਿਲਣ ਨਾਲ ਹੌਸਲਾ ਵਧਦਾ ਹੈ, ਅਸਫਲਤਾ ਤੋਂ ਬਾਅਦ ਦਬਾਅ। ਮੈਂ 'ਪਲਟਨ' ਦੀ ਅਸਫਲਤਾ ਤੋਂ ਨਿਰਾਸ਼ ਜ਼ਰੂਰ ਹਾਂ, ਪਰ ਹਿੰਮਤ ਨਹੀਂ ਹਾਰੀ, ਕਿਉਂਕਿ ਇਸ ਵਿੱਚ ਮੇਰਾ ਬਹੁਤ ਛੋਟਾ ਰੋਲ ਹੈ। ਉਹ ਫਿਲਮ ਮੈਂ ਇਸ ਲਈ ਕੀਤੀ ਕਿ ਮੈਂ ਜੇ ਪੀ ਦੱਤਾ ਸਰ ਨਾਲ ਕੰਮ ਕਰਨਾ ਸੀ।



# ਦੀਪਿਕਾ ਪਾਦੂਕੋਣ ਬਣੇਗੀ ਨਿਰਮਾਤਾ

ਬਾਲੀਵੁੱਡ ਦੀ ਡਿੰਪਲ ਗਰਲ ਦੀਪਿਕਾ ਪਾਦੁਕੋਣ ਵੀ ਛੇਤੀ ਹੀ ਨਿਰਮਾਤਾ ਬਣਨ ਵਾਲੀ ਹੈ। ਬਾਲੀਵੁੱਡ ਦੀਆਂ ਕਈ ਅਭਿਨੇਤਰੀਆਂ-ਪ੍ਰਿਅੰਕਾ ਚੋਪੜਾ, ਅਨੁਸ਼ਕਾ ਸ਼ਰਮਾ, ਪ੍ਰਿਟੀ ਜ਼ਿੰਟਾ ਤੇ ਦੀਆ ਮਿਰਜ਼ਾ ਨੇ ਬਤੌਰ ਨਿਰਮਾਤਾ ਫਿਲਮਾਂ ਬਣਾਈਆਂ ਹਨ। ਦੀਪਿਕਾ ਵੀ ਇਸ ਦੌੜ ਵਿਚ ਸ਼ਾਮਲ ਹੋਣ ਜਾ ਰਹੀ ਹੈ। ਦੀਪਿਕਾ ਕਾਫੀ ਸਮੇਂ ਤੋਂ ਇਸ ਬਾਰੇ ਸੋਚ ਰਹੀ ਸੀ ਅਤੇ ਫਿਰ ਤਿਆਰੀ ਸ਼ੁਰੂ ਕੀਤੀ।ਅਗਲੇ ਸਾਲ ਫਰਵਰੀ ਵਿੱਚ ਉਸ ਦਾ ਪ੍ਰੋਡਕਸ਼ਨ ਹਾਊਸ ਸੈਟਅਪ ਹੋਵੇਗਾ ਅਤੇ ਉਸ ਦੇ ਨਾਲ ਉਸ ਦੀ ਪਹਿਲੀ ਪ੍ਰੋਡਿਊਸ ਫਿਲਮ ਦਾ ਐਲਾਨ ਕੀਤਾ ਜਾਵੇਗਾ। ਉਸ ਦੀ ਪਹਿਲੀ ਫਿਲਮ ਦੀ ਤਿਆਰੀ ਸ਼ੁਰੂ ਹੋ ਗਈ ਹੈ। ਮੇਘਨਾ ਗੁਲਜ਼ਾਰ ਇਸ ਫਿਲਮ ਨੂੰ ਕੋ-ਪ੍ਰੋਡਿਊਸਰ ਕਰੇਗੀ। ਇਹ ਮਹਿਲਾ ਪ੍ਰਧਾਨ ਫਿਲਮ ਹੋਵੇਗੀ ਅਤੇ ਦੀਪਿਕਾ ਵੀ ਇਸ ਵਿੱਚ ਕੰਮ ਕਰਨ ਦਾ ਮਨ ਬਣਾ ਚੁੱਕੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਫਿਲਮ ਐਸਿਡ ਅਟੈਕ ਸਰਵਾਈਵਰ ਲਕਸ਼ਮੀ ਦੀ ਕਹਾਣੀ ਹੈ।











jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**


ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

110 Glidden Rd., Brampton 905-458-4733 (see Kamal)

# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# ELECT

ETOBICOKE NORTH
CITY COUNCILLOR WARD 1

ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ



**I'm Advocating for :**
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure


"ETOBICOKE FIRST"

SHIRISH **PATEL**

Cell: 647-296-5681 voteforshirish.ca
Strong Voice. Strong Communities.

# Ride Ontario's Heritage Railway

SPECIAL RIDES
FALL COLOURS TOURS




SOUTH SIMCOE RAILWAY
ONTARIO'S FIRST STEAM HERITAGE RAILWAY

Sept 29 & 30th,
October 6, 7, 8, October 13 & 14

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ





*Ask about on-board Birthday Parties!*

ਇਥੇ ਮਨਮੋਹਣੇ ਪਾਰਕਾਂ ਵਿੱਚ ਪਿਕਨਿਕ ਦਾ ਨਜ਼ਾਰਾ ਲੈਣ ਲਈ Visit ਕਰੋ: www.tottenhamconservation.com

For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call 905.936.5815

VISA MasterCard Interac

# Jobs Jobs Jobs

## General Labour/ Unloader/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-

**Neha: 416.855.9671 or 416.618.6030**

# RE-ELECT MARTIN MEDEIROS

BRAMPTON REGIONAL COUNCILLOR FOR WARDS 3 & 4

**Delivered Results 2014–2018**

- Member of the Blue Ribbon Panel that finally brought Brampton's first university
- Focus on crime and safety such as supporting the addition of 37 police officers and coordination of stakeholders for a safer city
- Lead role in the largest restructuring and modernization of Brampton City Hall to improve customer service and eliminate high salaries and excessive bureaucracy
- Delivered Brampton 2040 Vision, a plan for a modern, sustainable, well-planned urban city, including revitalization of our downtown
- Led the charge to build Brampton's first homeless youth shelter, affordable transit pilot project and developed a 10 year Housing Strategy as the Chair of Human Services at Peel Region




My top priority since taking office in 2014 has been to effect change and restore residents' confidence in City Hall.

I will continue to tackle issues such as: fighting gridlock, creating jobs, improving public transit, reducing crime, better healthcare and building a culture at city hall of respect for hard-earned taxpayer dollars. I will continue to advocate on your behalf as we work to **Move Brampton Forward.**

VOTE MEDEIROS 8975 McLAUGHLIN RD. S UNIT 9 martinmedeiros.ca OCTOBER 22, 2018
vote@martinmedeiros.ca 647.956.5319 ReelectMartinMedeiros medeiros_martin vote_martin_medeiros




# LIGHT SPEED Logistics Inc.

*"Always There For You"*

Web: www.lslinc.com
Email: safedrivers@lslinc.com

## NOW HIRING

**Owner Operators:**
- US Team(ON to Midwest) (Loaded/Empty) $1.80*
- US Team(Open Board)..................... $1.73*
- US Single(ON to Midwest)............... $1.70*
- US Single(Open Board).................. $1.63*
- Canadian Team.......................... $1.66*
- Canadian Singles(AB to BC).......... $1.91*
- Canadian Singles(Open Board)..... $1.56*
- Hourly Waiting Pay
- Paid Meat Inspection

*Rates are based on the current fuel surcharge.

**Company Drivers**(Up to):
- US Single(ON to Midwest)............... $0.62
- US Single(Open Board).................. $0.54
- US Team......................................... $0.66
- Canadian Team............................ $0.62
- Canadian Singles(AB to BC)......... $0.56
- Canadian Singles(Open Board).... $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

**Cell: 416.768.5441 Off: 905.696.0700 Ext#3**

6015 Kestrel Rd, Mississauga, ON L5T 1S8

Heart&Stroke™

# ਸਟਰੋਕ ਦੇ ਲੱਛਣ

**F ace** ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A rms** ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S peech** ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T ime** ਸਮੇਂ: ਸਮੇਂ ਦੀ ਅਹਿਮੀਅਤ ਸਮਝੋ – ਝਟਪਟ 911 'ਤੇ ਫ਼ੋਨ ਕਰੋ

Learn the signs, act F A S T and call 9-1-1.

**heartandstroke.ca/FAST**

Funding provided by:

Ontario

© Heart and Stroke Foundation of Canada, 2018 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.
Views expressed by the Heart and Stroke Foundation do not necessarily reflect those of the Government of Ontario.

